# 19

# ਸ਼ਗਿਰਦੀ ਲਈ ਸੱਦਾ

## (9:9-17)

ਇੱਥੇ ਵਿਰਤਾਂਤ ਸ਼ਗਿਰਦੀ ਦੇ ਵਿਸ਼ੇ ਤੇ ਵਾਪਸ ਆ ਜਾਂਦਾ ਹੈ (8:18–22; 9:9–17)। ਇਹ ਭਾਗ ਯਿਸੂ ਵੱਲੋਂ ਕੀਤੇ ਗਏ ਮੋਅਜਜ਼ਿਆਂ ਦੇ ਸੈਟਾਂ ਦੇ ਸਬੰਧ ਲਈ ਵੰਡਣ ਵਾਲਿਆਂ ਦਾ ਕੰਮ ਕਰਦੇ ਹਨ (8:1–17; 8:23–9:8; 9:18–34)। ਸ਼ਗਿਰਦੀ ਤੇ ਇਸ ਦੂਜੇ ਭਾਗ ਵਿਚ ਮੱਤੀ ਨੂੰ ਯਿਸੂ ਦਾ ਸੱਦਾ (9:9), ਪਾਪੀਆਂ ਨੂੰ ਉਸ ਦਾ ਸੱਦਾ (9:10–13), ਅਤੇ ਆਪਣੇ ਚੇਲਿਆਂ ਵਿਚ ਰੋਜ਼ੇ ਦੀ ਅਹਿਮੀਅਤ (9:14–17) ਮਿਲਦੇ ਹਨ।

### ਮੱਤੀ ਨੂੰ ਸੱਦਾ (9:9)

**9ਯਿਸੂ ਨੇ ਉੱਥੋਂ ਅੱਗੇ ਵਧ ਕੇ ਮੱਤੀ ਨਾਮੇ ਇਕ ਮਨੁੱਖ ਨੂੰ ਮਸੂਲ ਦੀ ਚੌਂਕੀ ਉੱਤੇ ਬੈਠੇ ਵੇਖਿਆ ਅਰ ਉਹ ਨੂੰ ਕਿਹਾ ਭਈ ਮੇਰੇ ਮਗਰ ਹੋ ਤੁਰ, ਅਤੇ ਉਹ ਉੱਠ ਕੇ ਉਹ ਦੇ ਮਗਰ ਹੋ ਤੁਰਿਆ।**

**ਆਇਤ 9.** ਆਪਣੀ ਸਿੱਖਿਆ ਅਤੇ ਮੋਅਜਜ਼ਿਆਂ ਦੇ ਨਾਲ–ਨਾਲ ਯਿਸੂ ਆਪਣੇ ਚੇਲਿਆਂ ਨੂੰ ਇਕੱਠਾ ਕਰਨ ਦੇ ਕੰਮ ਵਿਚ ਵੀ ਲੱਗਾ ਰਿਹਾ ਜਿਨ੍ਹਾਂ ਨੇ ਉਸ ਦੇ ਨਾਲ ਰਹਿਣਾ, ਉਸ ਦੇ ਨਾਲ ਸਿੱਖਣਾ ਅਤੇ ਅਖ਼ੀਰ ਵਿਚ ਉਸ ਦੀ ਇੰਜੀਲ ਦੀ ਖੁਸ਼ਖ਼ਬਰੀ ਦਾ ਪ੍ਰਚਾਰ ਕਰਨਾ ਸੀ। ਪਿਛਲੇ ਅਧਿਆਇ ਵਿਚ ਲੱਗਾ ਸੀ ਕਿ ਯਿਸੂ ਨੇ ਆਪਣੇ ਮਗਰ ਚੱਲਣ ਲਈ ਲਗਭਗ ਤਿਆਰ ਇਕ ਗ੍ਰੰਥੀ ਨੂੰ ਨਿਰਾਸ਼ ਕਰ ਦਿੱਤਾ ਹੈ (8:19, 20), ਜਦਕਿ ਇੱਥੇ ਉਸ ਨੇ ਮਸੂਲ ਲੈਣ ਵਾਲੇ ਨੂੰ ਆਪਣੇ ਮਗਰ ਚੱਲਣ ਲਈ ਤਿਆਰ ਕਰ ਲਿਆ।

**ਮੱਤੀ** ਦੀ ਬੁਲਾਹਟ ਇੰਜੀਲ ਦੇ ਤਿੰਨਾਂ ਸਹਿਦਰਸ਼ੀ ਵਿਰਤਾਂਤਾਂ ਵਿਚ ਮਿਲਦੀ ਹੈ। ਇਸ ਵਿਰਤਾਂਤ ਦੇ ਲੇਖਕ ਨੇ ਆਪਣੇ ਆਪ ਨੂੰ ''ਮੱਤੀ'' (9:9) ਅਤੇ ''ਮੱਤੀ ਮਸੂਲੀਆ'' (10:3) ਦੇ ਰੂਪ ਵਿਚ ਲਿਖਿਆ। ਮਰਕੁਸ ਅਤੇ ਲੂਕਾ ਨੇ ਉਸ ਦੇ ਸੱਦੇ ਜਾਣ ਦੇ ਸਬੰਧ ਵਿਚ ਬਦਲਵੇਂ ਨਾਂਅ ''ਲੇਵੀ'' (ਮਰਕੁਸ 2:14; ਲੂਕਾ 5:27) ਦੀ ਵਰਤੋਂ ਕੀਤੀ, ਪਰ ਉਸ ਨੂੰ ਬਾਰ੍ਹਾਂ ਦੀ ਫ਼ਹਰਿਸਤ ਵਿਚ, ''ਮੱਤੀ'' ਹੀ ਲਿਖਿਆ (ਮਰਕੁਸ 3:18; ਲੂਕਾ 6:15; ਰਸੂਲਾਂ ਦੇ ਕੰਮ 1:13)।

ਆਪਣੇ ਕੰਮ ਕਰਕੇ ਮੱਤੀ ਨੂੰ ''ਆਦਮੀ ਜਿਸ ਨੂੰ ਸਭ ਲੋਕ ਤੁੱਛ ਮੰਨਦੇ ਸਨ'' ਦੇ ਰੂਪ ਵਿਚ ਜਾਣਿਆ ਜਾਂਦਾ ਹੈ।[1] ਮਸੂਲ ਲੈਣ ਵਾਲਿਆਂ ਨੂੰ ਆਮ ਤੌਰ ਤੇ ਲੋਕਾਂ ਵਿਚ ''ਸਭ ਤੋਂ ਘਿਰਣਾ ਯੋਗ'' ਲੋਕਾਂ ਵਿਚ ਉੱਤੇ ਲਿਖਿਆ ਜਾਂਦਾ ਸੀ। ਉਨ੍ਹਾਂ ਨੂੰ ਰੋਮੀ ਸਰਕਾਰ ਲਈ ਕੰਮ ਕਰਨ ਵਾਲੇ ਹੋਣ ਕਰਕੇ ਆਪਣੇ ਲੋਕਾਂ ਵੱਲੋਂ ਗੱਦਾਰ ਮੰਨਿਆ ਜਾਂਦਾ ਸੀ। ਇਸ ਨਾਲੋਂ ਵੀ ਵਧਕੇ ਉਨ੍ਹਾਂ ਨੂੰ ਲੋਕਾਂ ਤੋਂ ਵੱਧ ਕਰ ਜਾਂ ਮਸੂਲ ਲੈਣ ਵਾਲੇ ਚੋਰ ਸਮਝਿਆ ਜਾਂਦਾ ਸੀ। ਕਿਸੇ ਖ਼ਾਸ ਇਲਾਕੇ ਲਈ ਮਸੂਲ ਇਕੱਠਾ ਕਰਨ ਦਾ ਕੰਮ ਸਭ ਤੋਂ ਉੱਚੀ ਬੋਲੀ ਦੇਣ ਵਾਲੇ (''ਮਸੂਲੀਆਂ ਦਾ ਸਰਦਾਰ''; ਲੂਕਾ 19:2) ਨੂੰ ਦਿੱਤਾ ਜਾਂਦਾ ਸੀ ਅਤੇ ਮਸੂਲ ਜਮਾਂ ਕਰਨ ਵਾਲੇ ਲੋਕ ਉਸ ਦੇ ਅਧੀਨ ਕੰਮ ਕਰਦੇ ਸਨ ਜਿਸ ਕਰਕੇ ਭ੍ਰਿਸ਼ਟਾਚਾਰ ਦਾ ਝੁਕਾਅ ਪਾਇਆ ਜਾਂਦਾ ਸੀ (5:46 ਤੇ ਟਿੱਪਣੀਆਂ ਵੇਖੋ)। ਥੋਮਸ ਈ. ਸ਼ਮਿਟ ਨੇ

ਇਸ ਦੀ ਵਿਆਖਿਆ ਕੀਤੀ ਹੈ:

> ਦਲਾਲੀ ਦਾ ਸਿਸਟਮ ਭਾਵੇਂ ਠੀਕ ਸੀ ਪਰ ਕੁਝ ਚੀਜ਼ਾਂ ਦੀ ਕੀਮਤ ਤਹਿ ਕਰਨ ਲਈ ਕਰ ਨਿਰਧਾਰਕ ਦੀ ਸ਼ਕਤੀ ਬੇਈਮਾਨੀ ਨੂੰ ਵਧਾਵਾ ਦਿੰਦੀ ਸੀ। ਮਸੂਲ ਲੈਣ ਵਾਲਿਆਂ ਨੂੰ ਯੂਹੰਨਾ ਬਪਤਿਸਮਾ ਦੇਣ ਵਾਲੇ ਦੀਆਂ ਹਦਾਇਤਾਂ (ਲੂਕਾ 3:12–13) ਅਤੇ ਜ਼ੱਕਈ ਦਾ ਹਰਜ਼ਾਨਾ ਭਰਨ ਦਾ ਵਚਨ (ਲੂਕਾ 19:8) ਫ਼ਰੇਬ ਦੇ ਇਸ ਝੁਕਾਅ ਨਾਲ ਮੇਲ ਖਾਂਦੇ ਹਨ।[2]

ਭ੍ਰਿਸ਼ਟਾਚਾਰ ਕਰਕੇ ਕੁਝ ਮਸੂਲ ਲੈਣ ਵਾਲੇ ਜ਼ਾਹਿਰ ਤੌਰ ਤੇ ਬੇਹੱਦ ਅਮੀਰ ਹੋ ਗਏ ਸਨ (ਲੂਕਾ 19:2)।

ਇਨ੍ਹਾਂ ਕਾਰਣਾਂ ਕਰਕੇ ਮਸੂਲ ਲੈਣ ਵਾਲਿਆਂ ਨੂੰ ''ਪਾਪੀਆਂ'' ਵਿਚ ਗਿਣਿਆ ਜਾਂਦਾ ਸੀ। ਰੱਬੀਆਂ ਦੀ ਰੀਤ ਮੁਤਾਬਿਕ ਮਸੂਲ ਲੈਣ ਵਾਲੇ ਲੋਕ ਅਸ਼ੁੱਧ ਸਨ ਅਤੇ ਉਹ ਆਪਣੀ ਅਸ਼ੁੱਧਤਾ ਨੂੰ ਉਨ੍ਹਾਂ ਨੂੰ ਛੂਹ ਲੈਣ ਵਾਲੀ ਕਿਸੇ ਵੀ ਚੀਜ਼ ਨੂੰ ਅੱਗੇ ਦੇ ਦਿੰਦੇ ਸਨ।[3] ਬੇਈਮਾਨੀ ਨਾਲ ਕਮਾਇਆ ਗਿਆ ਉਨ੍ਹਾਂ ਦਾ ਪੈਸਾ ਜ਼ਾਹਿਰ ਤੌਰ ਤੇ ਸਮਾਜ ਮੰਦਰ ਜਾਂ ਸਿਨਾਗੋਗ ਵਿਚ ਕਿਤੇ ਵੀ ਕਬੂਲਿਆ ਨਹੀਂ ਜਾਂਦਾ ਸੀ।[4] ਇਸ ਤੋਂ ਇਲਾਵਾ ਉਨ੍ਹਾਂ ਨੂੰ ਨਿਆਂ ਕਰਨ ਜਾਂ ਅਦਾਲਤ ਵਿਚ ਗਵਾਹੀ ਦੇਣ ਦੀ ਇਜਾਜ਼ਤ ਨਹੀਂ ਹੁੰਦੀ ਸੀ।[5] ਇਸ ਮੁਲਾਂਕਣ ਦੇ ਬਾਵਜੂਦ ਕੁਝ ਮਸੂਲ ਲੈਣ ਵਾਲੇ ਰੂਹਾਨੀ ਮਾਮਲਿਆਂ ਵਿਚ ਦਿਲਚਸਪੀ ਲੈਣ ਵਾਲੇ ਲਗਦੇ ਸਨ (ਲੂਕਾ 19:1–10; ਵੇਖੋ 18:9–14)। ਮੱਤੀ ਇਸੇ ਤੁੱਛ ਮੰਨੀ ਜਾਣ ਵਾਲੀ ਜਮਾਤ ਵਿੱਚੋਂ ਆਇਆ ਸੀ।

ਚੱਲਦੇ–ਚੱਲਦੇ **ਯਿਸੂ** ਨੂੰ ਮੱਤੀ ਮਿਲਿਆ ਜਿਹੜਾ **ਮਸੂਲ ਦੀ ਚੌਂਕੀ** (*telonion*) ਤੇ ਬੈਠਾ ਸੀ। ਇਸ ਨੂੰ ''ਕਸਟਮ ਹਾਊਸ'' ਜਾਂ ''ਟੋਲ ਬੂਥ'' ਕਿਹਾ ਜਾਂਦਾ ਸੀ। ਆਰ. ਟੀ. ਫ਼੍ਰਾਂਸ ਦੇ ਮੁਤਾਬਿਕ, ''ਕਫ਼ਰਨਾਹੂਮ ਵਿਚ *ਟੈਕਸ ਦਾ ਦਫ਼ਤਰ* ਅੰਤੀਪਾਸ ਦੇ ਚੌਥੇ ਹਿੱਸੇ ਦੀ ਹੱਦ ਤੋਂ ਪਾਰ ਜਾਣ ਵਾਲੀਆਂ ਚੀਜ਼ਾਂ ਜਾਂ ਦਿਕਾਪੁਲਿਸ ਤੋਂ ਝੀਲ ਦੇ ਪਾਰ ਜਾਂ ਫ਼ਿਲਿੱਪੁਸ ਦੇ ਚੌਥੇ ਹਿੱਸੇ ਤੋਂ ਯਰਦਨ ਪਾਰ ਦੀਆਂ ਚੀਜ਼ਾਂ ਉੱਤੇ ਲੱਗੇ ਟੋਲ ਨਾਲ ਸਬੰਧਿਤ ਹੋਵੇਗਾ।[6] ਟੋਲ ਬੂਥ ਵਧੇਰੇ ਆਵਾਜਾਈ ਵਾਲੇ ਰਾਹਾਂ ਤੇ ਹੁੰਦੇ ਹੋਣਗੇ ਤਾਂ ਜੋ ਮੱਤੀ ਵਰਗੇ ਅਧਿਕਾਰੀ ਅਸਾਨੀ ਨਾਲ ਮੁਸਾਫਿਰਾਂ ਦੇ ਕਾਰੋਬਾਰ ਤਕ ਪਹੁੰਚ ਸਕਣ।[7] ਮੱਤੀ ਕਸਟਮ ਹਾਊਸ ਦੇ ਅਧਿਕਾਰੀਆਂ ਵਿੱਚੋਂ ਇਕ ਸੀ, ਇਸ ਕਰਕੇ ਉਹ ਵਪਾਰੀਆਂ ਨੂੰ ਸਫ਼ਰ ਦੌਰਾਨ ਰੋਕ ਕੇ ਹਰ ਸਮਾਨ ਖੋਲ੍ਹਣ ਲਈ ਕਹਿ ਸਕਦਾ ਸੀ।

ਯਿਸੂ ਨੇ ਮੱਤੀ ਨੂੰ ਸਿਰਫ਼ ਐਨਾ ਕਿਹਾ, **''ਮੇਰੇ ਮਗਰ ਹੋ ਤੁਰ!''** ਯਕੀਨਨ ਹੀ ਉਸ ਨੇ ਯਿਸੂ ਬਾਰੇ ਸੁਣਿਆ ਹੋਵੇਗਾ ਅਤੇ ਸ਼ਾਇਦ ਉਸ ਨੇ ਉਸ ਦੇ ਮੋਅਜਜ਼ਿਆਂ ਨੂੰ ਅਤੇ ਉਸ ਨੂੰ ਸਿੱਖਿਆ ਦਿੰਦਿਆਂ ਵੀ ਵੇਖਿਆ ਸੀ। ਪਤਰਸ, ਅੰਦ੍ਰਿਆਸ, ਯਾਕੂਬ ਅਤੇ ਯੂਹੰਨਾ ਵਾਂਗ ਜਿਹੜੇ ਪਹਿਲਾਂ ਉਹਦੇ ਮਗਰ ਆਏ ਸਨ (4:18–22), ਮੱਤੀ ਵੀ **ਉੱਠ ਕੇ ਉਹਦੇ ਮਗਰ ਹੋ ਤੁਰਿਆ।** ਲੂਕਾ ਕਹਿੰਦਾ ਹੈ ਕਿ ''ਉਹ ਸੱਭੋ ਕੁਝ ਛੱਡ ਕੇ ਉੱਠਿਆ ਅਤੇ ਉਸ ਦੇ ਪਿੱਛੇ ਹੋ ਤੁਰਿਆ'' (ਲੂਕਾ 5:28)। ਦੁਨਿਆਵੀ ਖਜ਼ਾਨਿਆਂ ਦੀ ਥਾਂ ਜਿਹੜੇ ਖ਼ਰਾਬ ਹੋ ਜਾਂਦੇ ਹਨ (6:19–21), ਯਿਸੂ ਨੇ ਸੁਰਗੀ ਖਜ਼ਾਨੇ ਦੇਣ ਦੀ ਪੇਸ਼ਕਸ਼ ਕੀਤੀ। ਇਹ ਇਕ ਅਜਿਹੀ ਪੇਸ਼ਕਸ਼ ਸੀ ਜਿਸ ਤੋਂ ਉਹ ਇਨਕਾਰ ਨਹੀਂ ਕਰ ਸਕਦਾ ਸੀ ਅਤੇ ਨਾ ਉਹਨੇ ਇਨਕਾਰ ਕੀਤਾ ਹੀ। ਮੱਤੀ ਨੇ ਤਾਕਤ ਵਾਲਾ ਅਹੁਦਾ, ਪ੍ਰਭਾਵ ਅਤੇ ਜਾਇਦਾਦ ਸਭ ਕੁਝ ਛੱਡ ਦਿੱਤਾ ਅਤੇ ਜਿੱਥੋਂ ਤਕ ਵਚਨ ਸਾਨੂੰ ਦੱਸਦਾ ਹੈ, ਉਸ ਨੇ ਮੁੜ ਕੇ ਪਿੱਛੇ ਨਹੀਂ ਵੇਖਿਆ। ਲਿਓਨ ਮੌਰਿਸ ਨੇ ਉਸ ਵੱਡੇ ਵਿਸ਼ਵਾਸ ਦੀ ਗੱਲ ਕੀਤੀ ਹੈ ਜਿਹੜਾ ਮੱਤੀ ਦਾ ਯਿਸੂ ਵਿਚ ਸੀ:

> ਮੱਛੀਆਂ ਫੜ੍ਹਨ ਵਾਲੇ ਮੱਛੀਆਂ ਫੜ੍ਹਨ ਦੇ ਆਪਣੇ ਕਾਰੋਬਾਰ ਵਿਚ ਵਾਪਸ ਜਾ ਸਕਦੇ ਸਨ ਪਰ ਮਸੂਲ ਲੈਣ ਵਾਲਾ ਮਸੂਲ ਲੈਣ ਦੇ ਆਪਣੇ ਕੰਮ ਵਿਚ ਵਾਪਸ ਨਹੀਂ ਜਾ ਸਕਦਾ ਸੀ। ਜੋ ਵੀ ਹੋਵੇ ਉਸ ਦੀ ਕਮਾਈ ਵਾਲੀ ਥਾਂ ਛੇਤੀ ਹੀ ਭਰੀ ਜਾਣੀ ਸੀ ਅਤੇ ਜੇ ਉਸ ਨੇ ਕੋਈ ਹੋਰ

ਨੌਕਰੀ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਕਿਸੇ ਸਾਬਕਾ ਮਸੂਲ ਲੈਣ ਵਾਲਿਆਂ ਨੂੰ ਕਿਸ ਨੇ ਕੰਮ ਤੇ ਲਾਉਣਾ ਸੀ?[8]

## ਪਾਪੀਆਂ ਨੂੰ ਯਿਸੂ ਦਾ ਸੱਦਾ (9:10-13)

**[10]ਤਾਂ ਐਉਂ ਹੋਇਆ ਕਿ ਜਾਂ ਉਹ ਘਰ ਵਿਚ ਰੋਟੀ ਖਾਣ ਬੈਠਾ ਸੀ ਤਾਂ ਵੇਖੋ ਬਹੁਤ ਸਾਰੇ ਮਸੂਲੀਏ ਅਤੇ ਪਾਪੀ ਆਣ ਕੇ ਯਿਸੂ ਅਰ ਉਹ ਦੇ ਚੇਲਿਆਂ ਨਾਲ ਬੈਠ ਗਏ। [11]ਅਤੇ ਫ਼ਰੀਸੀਆਂ ਨੇ ਇਹ ਵੇਖ ਕੇ ਉਹ ਦੇ ਚੇਲਿਆਂ ਨੂੰ ਆਖਿਆ, ''ਤੁਹਾਡਾ ਗੁਰੂ ਮਸੂਲੀਆਂ ਅਤੇ ਪਾਪੀਆਂ ਦੇ ਨਾਲ ਕਿਉਂ ਖਾਂਦਾ ਹੈ?'' [12]ਪਰ ਉਹ ਨੇ ਇਹ ਸੁਣ ਕੇ ਕਿਹਾ, ''ਨਵੇਂ ਨਰੋਇਆਂ ਨੂੰ ਨਹੀਂ ਸਗੋਂ ਰੋਗੀਆਂ ਨੂੰ ਹਕੀਮ ਦੀ ਲੋੜ ਹੈ। [13]ਪਰ ਤੁਸੀਂ ਜਾ ਕੇ ਇਹਦਾ ਅਰਥ ਸਿੱਖੋ ਕਿ ਮੈਂ ਬਲੀਦਾਨ ਨੂੰ ਨਹੀਂ ਪਰ ਦਯਾ ਨੂੰ ਚਾਹੁੰਦਾ ਹਾਂ ਕਿਉਂ ਜੋ ਮੈਂ ਧਰਮੀਆਂ ਨੂੰ ਨਹੀਂ ਸਗੋਂ ਪਾਪੀਆਂ ਨੂੰ ਬੁਲਾਉਣ ਆਇਆ ਹਾਂ।''**

**ਆਇਤ 10.** ਸ਼ਾਇਦ ਮਰਿਆਦਾ ਵਿਚ ਰਹਿਣ ਕਰਕੇ ਮੱਤੀ ਨੇ ਇਸ ਤੱਥ ਨੂੰ ਨਹੀਂ ਲਿਖਿਆ ਕਿ ਦਾਅਵਤ ਯਿਸੂ ਦੇ ਸਨਮਾਨ ਵਿਚ ਉਸੇ ਦੇ ਘਰ ਵਿਚ ਰੱਖੀ ਗਈ ਸੀ (ਮਰਕੁਸ 2:15; ਲੂਕਾ 5:29)। ਉਸ ਨੇ ਆਪਣੇ ਦੋਸਤਾਂ ਅਤੇ ਸੱਜਣਾਂ ਨੂੰ ਸੱਦਿਆ ਸੀ ਜਿਨ੍ਹਾਂ ਵਿਚ ਸਾਰੇ ਦੇ ਸਾਰੇ ਉਹਦੇ ਵਾਂਗ ਹੀ ਸਮਾਜਕ ਅਤੇ ਧਾਰਮਿਕ ਤੌਰ ਤੇ ਛੇਕੇ ਹੋਏ ਸਨ। **ਬਹੁਤ ਸਾਰੇ ਮਸੂਲੀਏ** ਅਤੇ ਉੱਥੇ ਮੌਜੂਦ ਹੋਰ ਲੋਕਾਂ ਨੂੰ ਸਿਰਫ਼ **ਪਾਪੀ** (*hamartoloi*) ਕਿਹਾ ਗਿਆ ਹੈ। ਭਲਾ ਇਹ ਸ਼ਬਦ ਉਨ੍ਹਾਂ ਯਹੂਦੀਆਂ ਲਈ ਵੀ ਵਰਤਿਆ ਗਿਆ ਜੋ ਦਸਵੰਧ ਦੇਣ ਅਤੇ ਰਵਾਇਤੀ ਸ਼ੁੱਧਤਾ ਵਰਗੀਆਂ ਫ਼ਰੀਸੀਆਂ ਦੀਆਂ ਰੀਤਾਂ ਨੂੰ ਇਮਾਨਦਾਰੀ ਨਾਲ ਨਹੀਂ ਮੰਨਦੇ ਸਨ?[9] ਰੱਬੀਆਂ ਦੇ ਸਾਹਿਤ ਵਿਚ ਅਜਿਹੇ ਲੋਕਾਂ ਨੂੰ ''ਦੇਸ਼ ਦੇ ਲੋਕ'' (*'am ha'arets*) ਭਾਵ ਆਮ ਲੋਕ ਕਿਹਾ ਗਿਆ ਹੈ।[10] ਪਰ ਕ੍ਰੇਗ ਐਸ. ਕੀਨਰ ਨੇ ਤਰਕ ਦਿੱਤਾ ਕਿ ''ਇਹ ਮੰਨਣ ਦਾ ਕੋਈ ਕਾਰਣ ਨਹੀਂ ਹੈ ਕਿ 'ਪਾਪੀ' ਸ਼ਬਦ ਦਾ ਅਰਥ ਐਨਾਂ ਸੌੜਾ ਹੋਵੇ; ਇਸ ਸ਼ਬਦ ਨੂੰ ਜ਼ਿਆਦਾਤਰ ਤੁਰੇਤ ਦਾ ਸਾਫ਼ ਸਾਫ਼ ਉਲੰਘਣ ਕਰਨ ਵਾਲਿਆਂ ਲਈ ਵਰਤਿਆ ਗਿਆ ਹੈ।''[11]

ਧਾਰਮਿਕ ਲੋਕਾਂ ਲਈ ਯਿਸੂ ਦਾ ਇਸ ਤਰ੍ਹਾਂ ਦੇ ਲੋਕਾਂ ਨਾਲ ਬੈਠ ਕੇ ਖਾਣਾ ਹੈਰਾਨ ਕਰ ਦੇਣ ਵਾਲਾ ਸੀ (ਲੂਕਾ 15:1, 2)। ਇਸ ਵਕਤ ਤਕ ਕਿਸੇ ਦੂਜੇ ਨੂੰ ਖਾਣੇ ਦੇ ਮਕਸਦ ਨਾਲ ਮੇਜ਼ ਤੇ ਬੈਠਣ ਲਈ ਸੱਦਾ ਦੇਣ ਦਾ ਮਤਲਬ ਇਹ ਬਣ ਗਿਆ ਸੀ ਕਿ ਉਨ੍ਹਾਂ ਵਿਚ ਦੋਸਤੀ ਅਤੇ ਸਾਂਝ ਹੈ।[12] ਯਿਸੂ ਇਸ ਤਰ੍ਹਾਂ ਦੀਆਂ ਦਾਅਵਤਾਂ ਵਿਚ ਭਾਗ ਲੈ ਲੈਂਦਾ ਸੀ ਜਿਸ ਕਰਕੇ ਉਸ ਨੂੰ ''ਖਾਊ ਅਤੇ ਸ਼ਰਾਬੀ ਮਨੁੱਖ ਮਸੂਲੀਆਂ ਅਰ ਪਾਪੀਆਂ ਦਾ ਯਾਰ'' ਕਿਹਾ ਜਾਣ ਲੱਗਾ ਸੀ (11:19)। ਭਾਵੇਂ ਉਹ ਪਾਪੀਆਂ ਨਾਲ ਵਕਤ ਬਿਤਾਉਂਦਾ ਸੀ, ਪਰ ਪਾਪੀਆਂ ਦੇ ਯਿਸੂ ਦੇ ਨਾਲ ਖਾਣ ਨੂੰ ਉਨ੍ਹਾਂ ਦੀਆਂ ਪਾਪ ਭਰੀਆਂ ਗਤੀਵਿਧੀਆਂ ਵਿਚ ਸਾਂਝ ਨਾਲ ਨਹੀਂ ਮਿਲਾਇਆ ਜਾਣਾ ਚਾਹੀਦਾ। ਪਾਪੀਆਂ ਵਿਚ ਮੌਜੂਦਗੀ ਨਾਲ ਉਸ ਨੂੰ ਉਨ੍ਹਾਂ ਨੂੰ ਆਪਣੀ ਸਚਿਆਈ ਦੱਸਣ ਦਾ ਮੌਕਾ ਮਿਲ ਜਾਂਦਾ ਸੀ

**ਆਇਤ 11. ਫਰੀਸੀਆਂ ਨੇ** ਯਿਸੂ ਦੀ ਦਯਾ ਤੇ ਚੇਲਿਆਂ ਤੇ ਨਿਸ਼ਾਨਾ ਸਾਧਦਿਆਂ ਤਿੱਖੇ ਇਲਜ਼ਾਮ ਨਾਲ ਪ੍ਰਤੀਕਿਰਿਆ ਦਿੱਤੀ: **''ਤੁਹਾਡਾ ਗੁਰੂ ਮਸੂਲੀਆਂ ਅਤੇ ਪਾਪੀਆਂ ਦੇ ਨਾਲ ਕਿਉਂ ਖਾਂਦਾ ਹੈ?''** ਉਨ੍ਹਾਂ ਨੇ ਕਿਸੇ ਅਧਰਮੀ ਨਾਲ ਸੰਗਤੀ ਨੂੰ ਸ਼ਰਮਨਾਕ ਮੰਨਿਆ (ਜ਼ਬੂਰ 1:1; 119:63; ਕਹਾਉਤਾਂ 13:20; 14:7; ਵੇਖੋ 1 ਕੁਰਿੰਥੀਆਂ 15:33)। ਉਨ੍ਹਾਂ ਦੀ ਘਿਰਣਾ ਦਾ ਮੁੱਖ ਕਾਰਣ ਭਾਵੇਂ ਯਿਸੂ ਸੀ ਪਰ ਉਹ ਉਸ ਦੇ ਚੇਲਿਆਂ ਦੀ ਆਪਣਾ ਅਜਿਹਾ ਗੁਰੂ ਚੁਣਨ ਤੇ ਅਲੋਚਨਾ ਕਰਨਾ ਚਾਹੁੰਦੇ ਸਨ। ਸਿੱਧੇ ਉਸ ਨਾਲ ਗੱਲ ਕਰਨ ਦੇ ਡਰ ਕਰਕੇ ਉਸ ਤੇ ਆਪਣੀ ਭੜਾਸ ਕੱਢਣ ਲਈ ਉਨ੍ਹਾਂ ਨੇ ਘੁਮਾ ਫਿਰਾ ਕੇ ਉਸ ਤਕ ਦਾ ਆਪਣਾ ਰਸਤਾ ਚੁਣਿਆ ਹੋਵੇਗਾ।

**ਆਇਤ 12.** ਆਪਣੇ ਚੇਲਿਆਂ ਤੇ ਉਨ੍ਹਾਂ ਦੀ ਟਿੱਪਣੀ ਨੂੰ **ਸੁਣ ਕੇ** ਯਿਸੂ ਨੇ ਇਸ ਦਾ ਜਵਾਬ ਦਿੱਤਾ। ਉਸ ਨੇ ਕਿਹਾ, **''ਨਵੇਂ ਨਰੋਇਆਂ ਨੂੰ ਨਹੀਂ ਸਗੋਂ ਰੋਗੀਆਂ ਨੂੰ ਹਕੀਮ ਦੀ ਲੋੜ ਹੈ।''** ਯਿਸੂ ਨੇ ਰੂਹਾਨੀ ਸਬਕ ਸਿਖਾਉਣ ਲਈ ਜਿਸ ਦੀ ਲੋੜ ਸੀ, ਰੋਜ਼ਮੱਰਾ ਦੀ ਜ਼ਿੰਦਗੀ ਵਿੱਚੋਂ ਇਕ ਆਮ ਉਦਾਹਰਣ ਦੀ ਵਰਤੋਂ ਕੀਤੀ। ਤੰਦਰੁਸਤ ਲੋਕ ਡਾਕਟਰ ਦੀ ਤਲਾਸ਼ ਨਹੀਂ ਕਰਦੇ ਬਲਕਿ ਬੀਮਾਰ ਹੀ ਕਰਦੇ ਹਨ। ਯਿਸੂ ਆਤਮਾ ਦਾ ਸਭ ਤੋਂ ਵੱਡਾ ਹਕੀਮ ਭਾਵ ਡਾਕਟਰ ਹੈ। ਜਿਹੜੇ ਲੋਕ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਾਲ ਰੂਹਾਨੀ ਸੋਚ ਵਾਲੇ ਮੰਨਦੇ ਸਨ, ਜਿਵੇਂ ਇੱਥੇ ਉਸ ਦੀ ਅਲੋਚਨਾ ਕਰਨ ਵਾਲੇ ਫ਼ਰੀਸੀ ਸਨ, ਉਨ੍ਹਾਂ ਨੂੰ ਆਪਣੀ ਰੂਹਾਨੀ ਬੀਮਾਰੀ ਠੀਕ ਕਰਨ ਲਈ ਹਕੀਮ ਦੀ ਤਲਾਸ਼ ਨਹੀਂ ਹੋਣੀ ਸੀ। ਉਨ੍ਹਾਂ ਨੂੰ ਆਪਣਾ ਪਾਪੀ ਹੋਣਾ ਨਜ਼ਰ ਨਹੀਂ ਆਉਂਦਾ ਸੀ (15:14; 23:16, 17, 19, 24, 26; ਯੂਹੰਨਾ 9:40, 41; 12:40; ਵੇਖੋ ਪ੍ਰਕਾਸ਼ ਦੀ ਪੋਥੀ 3:17, 18)।

ਯੂਨਾਨੀ ਅਤੇ ਰੋਮੀ ਲੇਖਕਾਂ ਨੇ ਯਿਸੂ ਵੱਲੋਂ ਕਹੀਆਂ ਗਈਆਂ ਅਜਿਹੀਆਂ ਹੀ ਗੱਲਾਂ ਦਰਜ ਕੀਤੀਆਂ ਹਨ। ਇਹ ਗੱਲਾਂ ਕਈ ਵਾਰ ਦਾਰਸ਼ਨਿਕਾਂ ਵੱਲੋਂ ਕਹੀਆਂ ਦੱਸੀਆਂ ਜਾਂਦੀਆਂ ਹਨ, ਜਿਨ੍ਹਾਂ ਦੇ ਸਮਾਜ ਤਕ ਪਹੁੰਚਣ ਲਈ ਆਲੋਚਨਾ ਕੀਤੀ ਜਾਂਦੀ ਹੈ। ਇਨ੍ਹਾਂ ਲੋਕਾਂ ਨੇ ਇਹ ਕਹਿੰਦਿਆਂ ਆਪਣਾ ਬਚਾਅ ਕੀਤਾ ਕਿ ''ਹਕੀਮ ਉਨ੍ਹਾਂ ਲੋਕਾਂ ਕੋਲ ਗਏ ਹੋਏ ਹਨ ਜਿਹੜੇ ਬੀਮਾਰ ਹਨ'' ਅਤੇ ''ਹਕੀਮ ਆਪ ਬਿਨਾਂ ਬੀਮਾਰ ਹੋਏ ਆਪਣੇ ਮਰੀਜ਼ਾਂ ਦੀ ਦੇਖਭਾਲ ਵਿਚ ਲੱਗੇ ਹਨ।''[13] ਉਹ ਕਹਿੰਦੇ ਹੋਣਗੇ, ''ਜਿਵੇਂ ਚੰਗਾ ਹਕੀਮ ਉੱਥੇ ਜਾ ਕੇ ਜਿੱਥੇ ਬਹੁਤ ਸਾਰੇ ਬੀਮਾਰ ਹੋਣ, ਆਪਣੀ ਸੇਵਾ ਦਵੇਗਾ, ਉਵੇਂ ਹੀ ... ਸਿਆਣਾ ਬੰਦਾ ਆਪਣਾ ਨਿਵਾਸ ਉੱਥੇ ਲੈ ਜਾਏਗਾ ਜਿੱਥੇ ਮੂਰਖਾਂ ਦੀ ਭਰਮਾਰ ਹੋਵੇ, ਤਾਂ ਜੋ ਉਹ ਉਨ੍ਹਾਂ ਦੀ ਮੂਰਖਤਾ ਨੂੰ ਲਾਜਵਾਬ ਕਰਕੇ ਉਨ੍ਹਾਂ ਨੂੰ ਸੁਧਾਰ ਸਕੇ।''[14] ਕਿਹਾ ਜਾਂਦਾ ਹੈ ਕਿ ਆਤਮਾ ਦੀ ਬੀਮਾਰੀ (ਬੁਰਿਆਈ) ਦਾ ਇਲਾਜ ਬੁੱਧਵਾਨ (ਦਾਰਸ਼ਨਿਕਾਂ) ਲੋਕਾਂ ਦੀ ਸਿੱਖਿਆ ਨਾਲ ਹੋ ਸਕਦਾ ਹੈ।[15] ਇਸ ਤੋਂ ਵੀ ਵੱਧ ਝਿੜਕ ਦੀਆਂ ਸਖ਼ਤ ਗੱਲਾਂ ਦੀ ਤੁਲਨਾ ਹਕੀਮਾਂ ਵੱਲੋਂ ਦਿੱਤੀ ਕੌੜੀ ਦਵਾਈ ਨਾਲ ਕੀਤੀ ਜਾਂਦੀ ਸੀ।[16] ਦੂਜਿਆਂ ਨੂੰ ਝਿੜਕਣ ਵਾਲਾ ਹਕੀਮ ਜਾਂ ਦਾਰਸ਼ਨਿਕ ਉਸ ਡਾਕਟਰ ਵਾਂਗ ਹੁੰਦਾ ਹੈ ਜਿਹੜਾ ਬੀਮਾਰ ਉੱਤੇ ਗੁੱਸਾ ਕੀਤੇ ਬਿਨਾਂ ਬੀਮਾਰੀ ਦਾ ਇਲਾਜ ਕਰਦਾ ਹੈ।[17]

**ਆਇਤ 13. ਜਾ ਕੇ ਸਿੱਖੋ** ਉਨ੍ਹਾਂ ਨੂੰ ਝਿੜਕਣ ਦਾ ਇਕ ਤਰੀਕਾ ਸੀ ਜੋ ਆਪਣੇ ਆਪ ਨੂੰ ਪੁਰਾਣੇ ਨੇਮ ਦੀ ਲਿਖਤ ਦੇ ਵਿਦਵਾਨ ਮੰਨਦੇ ਸਨ (ਵੇਖੋ 12:5)। ਇਹ ''ਅਲੌਕਿਕ ਗਿਆਨ ਦਾ ਸਾਹਮਣਾ ਹੋਣ ਤੇ ਯਹੂਦੀ ਗੁਰੂਆਂ ਵੱਲੋਂ ਵਰਤਿਆ ਜਾਣ ਵਾਲਾ ਮਸ਼ਹੂਰ ਫ਼ਾਰਮੂਲਾ ਸੀ।''[18] ''ਜਾ ਕੇ ਸਿੱਖੋ'' ਦਾ ਇਹ ਵਾਕਅੰਸ਼ ਰੱਬੀਆਂ ਦੀ ਸਿੱਖਿਆ ਦੇ ਵਾਕਅੰਸ਼ ਦੇ ਰੂਪ ਵਿਚ ਯਿਸੂ ਦੇ ਜਵਾਬ ਦੇ ਦੂਜੇ ਭਾਗ ਦਾ ਪਰਿਚੈ ਹੈ। ਇਸ ਤੋਂ ਭਾਵ ਹੈ ਕਿ ''ਸਵਾਲ ਪੁੱਛਣ ਵਾਲਿਆਂ, ਜਿਨ੍ਹਾਂ ਨੂੰ ਤੁਰੇਤ ਦਾ ਪਤਾ ਹੋਣਾ ਚਾਹੀਦਾ ਸੀ, ਵਿਚ ਗਿਆਨ ਦੀ ਘਾਟ ਹੈ।''[19]

ਆਪਣੀ ਗੱਲ ਹੋਰ ਪੱਕੀ ਕਰਨ ਲਈ ਯਿਸੂ ਨੇ ਹੋਸ਼ੇਆ ਨਬੀ ਦਾ ਹਵਾਲਾ ਦਿੱਤਾ। ਉਸ ਨੇ ਇਕ ਹਵਾਲਾ ਚੁਣਿਆ ਜਿਹੜਾ ਇਨ੍ਹਾਂ ਲੋਕਾਂ ਨੂੰ ਪਤਾ ਹੋਣਾ ਚਾਹੀਦਾ ਸੀ ਪਰ ਜ਼ਾਹਿਰ ਹੈ ਕਿ ਉਨ੍ਹਾਂ ਨੂੰ ਪਤਾ ਨਹੀਂ ਸੀ: **''ਮੈਂ ਬਲੀਦਾਨ ਨੂੰ ਨਹੀਂ ਪਰ ਦਯਾ ਨੂੰ ਚਾਹੁੰਦਾ ਹਾਂ''** (ਹੋਸ਼ੇਆ 6:6)। ਮਸੀਹ ਵੱਲੋਂ ਦੁਹਰਾਏ ਗਏ ਇਸ ਹਵਾਲੇ ਦੇ ਵੱਖ ਵੱਖ ਸ਼ਬਦਾਂ ਦੇ ਵਿਚ ਜੈਕ ਪੀ. ਲੂਈਸ ਨੇ ਸਮਝਾਇਆ ਹੈ:

> ਵੇਖਣ ਵਿਚ ਇਹ ਹਵਾਲਾ ਸਪਤਤੀ ਅਨੁਵਾਦ ਨਾਲੋਂ ਹੋਸ਼ੇਆ ਦੀ ਇਬਰਾਨੀ ਲਿਖਤ ਨਾਲ ਮੇਲ ਖਾਂਦਾ ਹੈ; ਪਰ ਇਬਰਾਨੀ ਸ਼ਬਦ *hesed* (ਦਯਾ) ਸਪਤਤੀ ਅਨੁਵਾਦ ਵਿਚ *eleos* ਬਣ ਜਾਂਦਾ ਹੈ ਅਤੇ ਇਸ ਨੂੰ ਤਰਸ ਜਾਂ ਹਮਦਰਦੀ ਦੇ ਰੂਪ ਵਿਚ ਸਮਝਿਆ ਜਾਂਦਾ ਹੈ ਭਾਵ ਉਸ ਨੇਮ ਦੇ ਰੂਪ ਵਿਚ ਜਿਸ ਤੇ ਯਿਸੂ ਕੰਮ ਕਰਦਾ ਸੀ।[20]

ਫ਼ਰੀਸੀ ਲੋਕ ਆਪਣੇ ਸੰਸਕਾਰਾਂ ਤੋਂ ਸੰਤੁਸ਼ਟ ਸਨ ਪਰ ਉਨ੍ਹਾਂ ਦਾ ਮਨ ਖ਼ੁਦਾ ਨਾਲ ਸਿੱਧਾ ਨਹੀਂ

ਸੀ। ਉਹ ਬਗੀਚੇ ਦੀਆਂ ਛੋਟੀਆਂ ਛੋਟੀਆਂ ਸਬਜ਼ੀਆਂ ਦਾ ਦਸਵਾਂ ਹਿੱਸਾ ਦਿੰਦੇ ਸਨ ਪਰ ''ਦਯਾ'' ਦੇ ਨਾਲ ਨਾਲ ''ਤੁਰੇਤ ਦੇ ਭਾਰੇ ਹੁਕਮਾਂ ਨੂੰ'' ਨਜ਼ਰਅੰਦਾਜ਼ ਕਰ ਦਿੰਦੇ ਸਨ (23:23)। ਇੱਥੇ ''ਬਲੀਦਾਨ'' (*thusia*) ਦੀ ਵਰਤੋਂ ਜਾਨਵਰਾਂ ਦੀਆਂ ਕੁਰਬਾਨੀਆਂ ਦੇ ਇਲਾਵਾ ਵੱਖੋ ਵੱਖ ਤਰ੍ਹਾਂ ਦੇ ਰਵਾਇਤੀ ਸਮਾਰੋਹਾਂ ਨਾਲ ਹੋ ਸਕਦੀ ਹੈ। ਨਾ ਤਾਂ ਹੋਸ਼ੇਆ ਅਤੇ ਨਾ ਹੀ ਯਿਸੂ ਨੇ ਸ਼ਰ੍ਹਾ ਵਿਚ ਦੱਸੀਆਂ ਗਈਆਂ ਕੁਰਬਾਨੀਆਂ ਦੀ ਲਾਪਰਵਾਈ ਕੀਤੀ। ਜੇ. ਡਬਲਯੂ. ਮੈਕਗਰਵੇ ਨੇ ਧਿਆਨ ਦੁਆਇਆ ਹੈ ਕਿ ਇਹ ਹਵਾਲਾ ''ਇਬਰਾਨੀ ਵਿਹਾਰ ਹੈ ਜਿਸ ਤੋਂ ਭਾਵ ਹੈ, 'ਮੈਂ ਬਲੀਦਾਨ ਨਾਲੋਂ ਦਯਾ ਨੂੰ ਪਹਿਲ ਦਿਆਂਗਾ।' ''[21] ਯਿਸੂ ਵੱਲੋਂ ਇਸ ਦੀ ਫੇਰ ਵਰਤੋਂ ਇਕ ਹੋਰ ਮੌਕੇ ਤੇ ਫਰੀਸੀਆਂ ਦਾ ਸਾਹਮਣਾ ਕੀਤੇ ਜਾਣ ਵੇਲੇ ਕੀਤੀ ਗਈ ਸੀ (12:7)।

ਯਿਸੂ ਨੇ ਗੱਲ ਪੂਰੀ ਕੀਤੀ, **''ਮੈਂ ਧਰਮੀਆਂ ਨੂੰ ਨਹੀਂ ਸਗੋਂ ਪਾਪੀਆਂ ਨੂੰ ਬੁਲਾਉਣ ਆਇਆ ਹਾਂ।''** ਅਨੁਵਾਦ ਹੋਏ ਸ਼ਬਦ ''ਬੁਲਾਉਣ'' ਦੇ ਯੂਨਾਨੀ ਸ਼ਬਦ (*kaleo*) ''ਦਾ ਅਰਥ ਵਿਆਹ ਦੇ ਭੋਜ ਵਾਲੇ ਦ੍ਰਿਸ਼ਟਾਂਤ ਵਾਂਗ 'ਦਾਅਵਤ' ਵੀ ਹੋ ਸਕਦਾ ਹੈ (22:1–10)।''[22] ਪਾਪੀਆਂ ਨੂੰ ਇਹ ਬੁਲਾਹਟ ਤੌਬਾ ਕਰਨ ਲਈ ਹੈ (ਲੂਕਾ 5:32)। ਸੰਸਾਰ ਵਿਚ ਮਸੀਹ ਦਾ ਮਿਸ਼ਨ ''ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ'' ਦਾ ਸੀ (ਲੂਕਾ 19:10)। ਉਹ ਸਭ ਪਾਪੀਆਂ ਲਈ ਕਿਰਪਾ ਭਰੀ ਦਾਅਵਤ ਦੇ ਰਿਹਾ ਸੀ; ਪਰ ਆਪਣੇ ਆਪ ਵਿਚ ਧਰਮੀ ਫ਼ਰੀਸੀਆਂ ਨੂੰ ਨਹੀਂ ਲਗਦਾ ਸੀ ਕਿ ਉਹ ਪਾਪੀ ਹਨ ਜਿਸ ਕਰਕੇ ਉਨ੍ਹਾਂ ਨੇ ਬੁਲਾਹਟ ਵੱਲ ਧਿਆਨ ਨਾ ਦਿੱਤਾ। ''ਧਰਮੀਆਂ'' ਸ਼ਬਦ ਦੀ ਵਰਤੋਂ ਕਰਕੇ ਯਿਸੂ ਨਾ ਤਾਂ ਇਹ ਕਹਿ ਰਿਹਾ ਸੀ ਕਿ ਕੁਝ ਲੋਕ ਐਨੇ ਚੰਗੇ ਹਨ ਕਿ ਉਨ੍ਹਾਂ ਨੂੰ ਮੁਕਤੀ ਦੀ ਉਸ ਦੀ ਪੇਸ਼ਕਸ਼ ਦੀ ਲੋੜ ਹੀ ਨਹੀਂ ਹੈ ਅਤੇ ਨਾ ਹੀ ਉਸ ਦੇ ਕਹਿਣ ਤੋਂ ਭਾਵ ਇਹ ਸੀ ਕਿ ਫ਼ਰੀਸੀ ਲੋਕ ਧਰਮੀ ਹਨ। ਉਸ ਦੇ ਕਹਿਣ ਦਾ ਮਤਲਬ ਸਿਰਫ਼ ਐਨਾਂ ਸੀ ਕਿ ਉਹ ਆਪਣੀ ਨਜ਼ਰ ਵਿਚ ਹੀ ਧਰਮੀ ਹਨ (ਵੇਖੋ ਲੂਕਾ 18:9–14)।

## ਸ਼ਗਿਰਦੀ ਅਤੇ ਰੋਜ਼ਾ (9:14-17)

**14ਤਦ ਯੂਹੰਨਾ ਦੇ ਚੇਲਿਆਂ ਨੇ ਉਹਦੇ ਕੋਲ ਆਣ ਕੇ ਕਿਹਾ ਜੋ ਇਹਦਾ ਕੀ ਕਾਰਣ ਹੈ ਕਿ ਅਸੀਂ ਅਤੇ ਫ਼ਰੀਸੀ ਬਹੁਤ ਵਰਤ ਰੱਖਦੇ ਹਾਂ ਪਰ ਤੇਰੇ ਚੇਲੇ ਵਰਤ ਨਹੀਂ ਰੱਖਦੇ? 15ਯਿਸੂ ਨੇ ਉਨ੍ਹਾਂ ਨੂੰ ਆਖਿਆ, ਜਿੰਨਾ ਚਿਰ ਲਾੜਾ ਜਨੇਤੀਆਂ ਦੇ ਨਾਲ ਹੈ ਭਲਾ, ਉਹ ਸੋਗ ਕਰ ਸਕਦੇ ਹਨ? ਪਰ ਉਹ ਦਿਨ ਆਉਣਗੇ ਜਦ ਲਾੜਾ ਉਨ੍ਹਾਂ ਤੋਂ ਅੱਡ ਕੀਤਾ ਜਾਵੇਗਾ ਤਦ ਉਹ ਵਰਤ ਰੱਖਣਗੇ। 16ਪੁਰਾਣੇ ਕੱਪੜੇ ਨੂੰ ਕੋਰੇ ਦੀ ਟਾਕੀ ਕੋਈ ਨਹੀਂ ਲਾਉਂਦਾ ਕਿਉਂ ਜੋ ਉਹ ਟਾਕੀ ਜਿਹੜੀ ਲਾਈ ਹੈ ਉਸ ਕੱਪੜੇ ਤੋਂ ਕੁਝ ਖਿੱਚ ਲੈਂਦੀ ਹੈ ਅਤੇ ਉਹ ਲੰਗਾਰ ਵਧ ਜਾਂਦਾ ਹੈ। 17ਅਤੇ ਨਾ ਨਵੀਂ ਮੈ ਨੂੰ ਪੁਰਾਣੀਆਂ ਮਸ਼ਕਾਂ ਵਿਚ ਭਰਦੇ ਹਨ ਨਹੀਂ ਤਾਂ ਮਸ਼ਕਾ ਪਾਟ ਜਾਂਦੀਆਂ ਅਤੇ ਮੈ ਵਗ ਜਾਂਦੀ ਅਤੇ ਮਸ਼ਕਾਂ ਦਾ ਨਾਸ ਹੋ ਜਾਂਦਾ ਹੈ। ਪਰ ਨਵੀਂ ਮੈ ਨਵੀਆਂ ਮਸ਼ਕਾਂ ਵਿਚ ਭਰਦੇ ਹਨ ਸੋ ਉਹ ਦੋਵੇਂ ਬਚ ਰਹਿੰਦੀਆਂ ਹਨ।**

**ਆਇਤ 14.** **ਯੂਹੰਨਾ** ਬਪਤਿਸਮਾ ਦੇਣ ਵਾਲੇ **ਦੇ** ਕੁਝ **ਚੇਲਿਆਂ** ਵੱਲੋਂ ਯਿਸੂ ਤੋਂ ਪੁੱਛਿਆ ਗਿਆ ਕਿ ਕੀ ਕਾਰਣ ਹੈ ਕਿ ਉਹ ਰੋਜ਼ਾ ਰੱਖਦੇ ਹਨ ਪਰ ਉਸ ਦੇ **ਚੇਲੇ** ਰੋਜ਼ਾ **ਨਹੀਂ ਰੱਖਦੇ**। ਉਨ੍ਹਾਂ ਦਾ ਸਵਾਲ ਸੁਭਾਵਕ ਤੌਰ ਤੇ ਹਾਲਾਤ ਦੇ ਕਾਰਣ ਸੀ ਕਿ ਯਿਸੂ ਅਤੇ ਉਸ ਦੇ ਚੇਲੇ *ਰੋਜ਼ਾ* ਨਹੀਂ ਰੱਖਦੇ ਸਨ ਜਦਕਿ ਯੂਹੰਨਾ ਦੇ ਚੇਲੇ *ਰੋਜ਼ਾ* ਰੱਖ ਰਹੇ ਸਨ। ਰੌਬਰਟ ਐਚ. ਮਾਉਂਸ ਨੇ ਧਿਆਨ ਦੁਆਇਆ ਹੈ, ''ਪਿਛਲੀ ਆਇਤ ਵਿਚ ਸਵਾਲ ਇਹ ਸੀ ਕਿ ਯਿਸੂ ਨੂੰ ਸਮਾਜ ਵਿਚ ਛੇਕੇ ਹੋਇਆਂ ਦੇ ਨਾਲ ਖਾਣਾ ਚਾਹੀਦਾ ਹੈ ਜਾਂ ਨਹੀਂ; ਹੁਣ ਸਵਾਲ ਇਹ ਹੈ ਕਿ ਉਸ ਨੂੰ ਖਾਣਾ ਚਾਹੀਦਾ ਹੈ ਜਾਂ ਨਹੀਂ!''[23] ਯੂਹੰਨਾ ਦੇ ਚੇਲੇ

ਜਾਣਨਾ ਚਾਹੁੰਦੇ ਸਨ ਕਿ ਚੇਲੇ ਬਣਨ ਵਿਚ ਰੋਜ਼ਾ ਰੱਖਣ ਦੀ ਕੀ ਭੂਮਿਕਾ ਹੈ। ਇਹ ਤੱਥ ਕਿ ਇਸ ਵਕਤ ਯਿਸੂ ਅਤੇ ਉਸ ਦੇ ਚੇਲੇ ਰੋਜ਼ਾ ਨਹੀਂ ਰੱਖ ਰਹੇ ਸਨ, ਉਨ੍ਹਾਂ ਦੀ ਲਹਿਰ ਦੀ ਵੱਡੀ ਕਮੀ ਦੇ ਰੂਪ ਵਿਚ ਵੇਖਿਆ ਜਾਂਦਾ ਸੀ।

ਯਿਸੂ ਦੇ ਉਲਟ ਯੂਹੰਨਾ ਦੀ ਜੀਵਨ–ਸ਼ੈਲੀ ਤਪ ਵਾਲੀ ਸੀ (3: 1–4)। ਦੋਹਾਂ ਦੀਆਂ ਜ਼ਿੰਦਗੀਆਂ ਵਿਚ ਇਹ ਫ਼ਰਕ ਉਨ੍ਹਾਂ ਦੇ ਸਭ ਤੋਂ ਵੱਧ ਅਲੋਚਕਾਂ ਵੱਲੋਂ ਵੇਖਿਆ ਗਿਆ ਸੀ। ਇਕ ਪਾਸੇ ਯਿਸੂ ''ਖਾਂਦਾ ਪੀਂਦਾ ਆਇਆ'' ਅਤੇ ਉਹ ਉਸ ਉੱਤੇ ''ਸ਼ਰਾਬੀ ਮਨੁੱਖ ਮਸੂਲੀਆਂ ਅਰ ਪਾਪੀਆਂ ਦਾ ਯਾਰ'' ਹੋਣ ਦਾ ਇਲਜ਼ਾਮ ਲਾਉਂਦੇ ਸਨ (11: 18, 19)।

ਇਸ ਲਿਖਤ ਵਿਚ ਯੂਹੰਨਾ ਦੇ ਚੇਲਿਆਂ ਦੀ ਮੌਜੂਦਗੀ ਇਸ ਗੱਲ ਦਾ ਸੰਕੇਤ ਹੈ ਕਿ ਉਨ੍ਹਾਂ ਨੇ ਯਿਸੂ ਲਈ ਆਪਣੀ ਵਫ਼ਾਦਾਰੀ ਇਕਦਮ ਨਹੀਂ ਬਦਲ ਲਈ। ਇਹ ਦੋਵੇਂ ਸੇਵਕਾਈਆਂ ਇਕ ਦੂਜੇ ਨਾਲ ਮਿਲਦੀਆਂ–ਜੁਲਦੀਆਂ ਸਨ, ਜਿਸ ਵਿੱਚੋਂ ਯਿਸੂ ਦੀ ਸੇਵਕਾਈ ਵਧ ਰਹੀ ਸੀ। ਮਸੀਹ ਦੇ ਪੂਰਬਗਾਮੀ ਦੇ ਰੂਪ ਵਿਚ ਯੂਹੰਨਾ ਨੇ ਆਪਣੇ ਚੇਲਿਆਂ ਦਾ ਧਿਆਨ ਯਿਸੂ ਵੱਲ ਦੁਆਇਆ (ਯੂਹੰਨਾ 1:29–42)। ਪਰ ਯੂਹੰਨਾ ਪ੍ਰਚਾਰ ਕਰਦਾ ਅਤੇ ਬਪਤਿਸਮਾ ਦਿੰਦਾ ਰਿਹਾ। ਯਿਸੂ ਦੀ ਸੇਵਕਾਈ ਛੇਤੀ ਹੀ ਯੂਹੰਨਾ ਦੀ ਸੇਵਕਾਈ ਨਾਲੋਂ ਵਧ ਗਈ: ''ਯਿਸੂ ਯੂਹੰਨਾ ਨਾਲੋਂ ਬਹੁਤੇ ਚੇਲੇ ਬਣਾਉਂਦਾ ਅਤੇ ਉਨ੍ਹਾਂ ਨੂੰ ਬਪਤਿਸਮਾ ਦਿੰਦਾ ਹੈ'' (ਯੂਹੰਨਾ 4: 1)। ਯੂਹੰਨਾ ਨੂੰ ਬਾਅਦ ਵਿਚ ਹੇਰੋਦੇਸ ਵੱਲੋਂ ਜੇਲ੍ਹ ਭੇਜ ਕੇ ਉਸ ਦਾ ਸਿਰ ਕਲਮ ਕਰ ਦਿੱਤਾ ਗਿਆ (4: 12; 11: 1–15; 14: 1–12)।

ਆਪਣੀ ਸੇਵਕਾਈ ਦੌਰਾਨ ਯੂਹੰਨਾ ਨੇ ਬੇਸ਼ੱਕ ਚੇਲਿਆਂ ਨੂੰ ਰੋਜ਼ਾ ਰੱਖਣ ਅਤੇ ਦੁਆ ਕਰਨ ਦੀ ਹਦਾਇਤ ਦਿੱਤੀ ਸੀ (ਲੂਕਾ 5: 33; 11: 1)। ਅਜਿਹਾ ਲਗਦਾ ਹੈ ਕਿ ਯੂਹੰਨਾ ਦੇ ਚੇਲੇ ਅਤੇ **ਫ਼ਰੀਸੀ** ਰੋਜ਼ਾ ਰੱਖਣ ਦੀ ਸਹਿਮਤੀ ਵਿਚ ਇਕ ਦੂਜੇ ਨਾਲ ਬਹੁਤ ਮਿਲਦੇ ਜੁਲਦੇ ਸਨ। ਜਦ ਉਹ ਆਖਦੇ ਕਿ ਉਨ੍ਹਾਂ ਨੇ ਰੋਜ਼ਾ ਰੱਖਿਆ ਹੋਇਆ ਹੈ ਤਾਂ ਉਨ੍ਹਾਂ ਦੇ ਕਹਿਣ ਤੋਂ ਭਾਵ ਇਹ ਹੁੰਦਾ ਸੀ ਕਿ ਉਹ ਰੋਜ਼ਾ ਰੱਖਦੇ ਰਹਿੰਦੇ ਸਨ। ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਰੋਜ਼ਾ ਰੱਖਣ ਦਾ ਇੱਕੋ ਹੁਕਮ ਪ੍ਰਾਸਚਿਤ ਵਾਲੇ ਦਿਨ ਮੰਨਿਆ ਜਾਂਦਾ ਸੀ (ਯੋਮ ਕਿੱਪੁਰ; ਲੇਵੀਆਂ ਦੀ ਪੋਥੀ 16:29–31), ਪਰ ਫ਼ਰੀਸੀਆਂ ਨੇ ਹਫ਼ਤੇ ਵਿਚ ਦੋ ਵਾਰ ਸੋਮਵਾਰ ਅਤੇ ਵੀਰਵਾਰ ਰੋਜ਼ਾ ਰੱਖਣ ਦੀ ਰੀਤ ਬਣਾਈ ਰੱਖੀ ਸੀ। ਹੋਰ ਰੋਜ਼ੇ ਰੱਬੀਆਂ ਵੱਲੋਂ ਆਪਣੀਆਂ ਰੀਤਾਂ ਦੇ ਵਧਣ ਤੇ ਮਿਲਾ ਦਿੱਤੇ ਗਏ (6: 16 ਤੇ ਟਿੱਪਣੀਆਂ ਵੇਖੋ)।

ਲਾੜੇ (9: 15), ਕੱਪੜੇ (9: 16), ਅਤੇ ਮਸ਼ਕਾਂ (9: 17) ਦੀਆਂ ਖ਼ੂਬੀਆਂ ਵਾਲੀਆਂ ਅਗਲੀਆਂ ਤਿੰਨ ਉਦਾਹਰਣਾਂ ਯਿਸੂ ਦੇ ਚੇਲਿਆਂ ਦੇ ਸਵਾਲ ਦਾ ਜਵਾਬ ਦੇਣ ਲਈ ਦਿੱਤੀਆਂ ਗਈਆਂ ਸਨ। ਯਿਸੂ ਨੇ ਸੰਕੇਤ ਦਿੱਤਾ ਕਿ ਧਰਤੀ ਉੱਤੇ ਆਪਣੇ ਚੇਲਿਆਂ ਨਾਲ ਉਸ ਦੇ ਰਹਿਣ ਦੌਰਾਨ ਰੋਜ਼ਾ ਰੱਖਣ ਦੀ ਗੱਲ ਮੇਲ ਨਹੀਂ ਖਾਂਦੀ ਸੀ।

**ਆਇਤ 15.** ਪਹਿਲੀ ਉਦਾਹਰਣ ਵਿਚ **ਯਿਸੂ** ਨੇ ਪੁੱਛਿਆ, **''ਜਿੰਨਾ ਚਿਰ ਲਾੜਾ ਜਨੇਤੀਆਂ ਦੇ ਨਾਲ ਹੈ ਭਲਾ, ਉਹ ਸੋਗ ਕਰ ਸਕਦੇ ਹਨ?''** ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਆਪਣੇ ਚੇਲਿਆਂ ਨਾਲ ਪਹਿਲਾਂ ਆਪਣੀ ਪਛਾਣ ''ਲਾੜੇ ਦਾ ਮਿੱਤਰ'' (''ਸਰਬਾਲਾ''; NLT) ਦੇ ਰੂਪ ਵਿਚ ਕਰਾਈ ਸੀ ਅਤੇ ਯਿਸੂ ਨੂੰ ਲਾੜਾ ਦੱਸਿਆ ਸੀ (ਯੂਹੰਨਾ 3:29; ਵੇਖੋ 22:2, 3; 25: 1; ਅਫ਼ਸੀਆਂ 5:22–33; ਪ੍ਰਕਾਸ਼ ਦੀ ਪੋਥੀ 19: 7; 21:9)। ''ਲਾੜੇ ਦੇ ਜਨੇਤੀ'' ਉਹ ਲੋਕ ਹੁੰਦੇ ਸਨ ਜਿਹੜੇ ਲਾੜੇ ਦੇ ਨਾਲ ਖਲੋਤੇ ਹੁੰਦੇ ਸਨ ਅਤੇ ਵਿਆਹ ਦੇ ਜਸ਼ਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਸਨ। ਇਸ ਵਾਕਅੰਸ਼ ਦਾ ਅਨੁਵਾਦ ਆਮ ਤੌਰ ਤੇ ''ਵਿਆਹ ਦੇ ਮਹਿਮਾਨ'' ਦੇ ਰੂਪ ਵਿਚ ਕੀਤਾ ਜਾਂਦਾ ਹੈ (NRSV)। ਯਿਸੂ ਦੇ ਸਵਾਲ ਵਿਚ ਇਕ ਨਕਾਰਾਤਮਕ ਸਵਾਲ ਦੇ ਜਵਾਬ ਦਾ ਸੰਕੇਤ ਮਿਲਦਾ ਹੈ। ਰੋਜ਼ਾ ਰੱਖਣਾ ਜਿਸ ਨੂੰ ਸੋਗ ਦੀ ਨਿਸ਼ਾਨੀ ਮੰਨਿਆ ਜਾਂਦਾ ਸੀ, ਵਿਆਹ ਦੇ ਜਸ਼ਨ ਦੇ ਅਨੰਦ ਨਾਲ ਮੇਲ ਨਹੀਂ ਖਾਂਦਾ।[24]

ਯਿਸੂ ਨੇ ਸੰਕੇਤ ਦਿੱਤਾ ਕਿ ਬੇਸ਼ੱਕ ਉਸ ਦੇ ਚੇਲੇ ਯੂਹੰਨਾ ਦੇ ਚੇਲਿਆਂ ਜਿੰਨਾਂ **ਵਰਤ** ਨਹੀਂ ਰੱਖਦੇ ਸਨ ਪਰ ਉਹ ਸਮਾਂ ਆਉਣ ਵਾਲਾ ਸੀ ਜਦ ਉਨ੍ਹਾਂ ਨੇ ਰੋਜ਼ਾ ਰੱਖਣਾ ਸੀ। ਲੂਈਸ ਦੀ ਵਿਆਖਿਆ ਹੈ, ''ਯਿਸੂ ਦੇ ਉਨ੍ਹਾਂ ਦੇ ਵਿਚ ਹੋਣ ਤੇ ਉਸ ਦੇ ਚੇਲੇ ਇਕ ਵੱਖਰੀ ਹਾਲਤ ਵਿਚ ਸਨ, ਜੋ ਅਨੰਦ ਕਰਨ ਦੀ ਮੰਗ ਕਰਦੀ ਸੀ; ਪਰ ਉਸ ਦੇ ਚਲੇ ਜਾਣ ਦੇ ਬਾਅਦ ਉਨ੍ਹਾਂ ਦਾ ਰੋਜ਼ਾ ਰੱਖਣਾ ਸਹੀ ਹੋਣਾ ਸੀ। ਯੂਹੰਨਾ ਦੇ ਜੇਲ੍ਹ ਵਿਚ [4:12] ਜਾਂ ਮੌਤ [14:10] ਹੋਣ ਤੇ ਉਸ ਦੇ ਚੇਲੇ ਫ਼ਰਕ ਹਾਲਤ ਵਿਚ ਸਨ।''[25]

ਪੁਰਾਣੇ ਨੇਮ ਵਿਚ ਰੋਜ਼ਾ ਰੱਖਣ ਦੇ ਸੰਦਰਭਾਂ ਵਿੱਚੋਂ ਇਕ ਪ੍ਰਮੁੱਖ ਸੰਦਰਭ ਸੋਗ ਕਰਨਾ ਸੀ, ਇਸ ਕਰਕੇ ਯਿਸੂ ਨੇ ਰੋਜ਼ਾ ਰੱਖੇ ਜਾਣ ਦੀ ਗੱਲ ਉਸ ਦੇ ਮਰਨ ਦੇ ਬਾਅਦ ਹੋਣ ਬਾਰੇ ਦੱਸਿਆ ਹੋਵੇਗਾ। ਜਦ ਉਸ ਨੇ **ਉਨ੍ਹਾਂ ਤੋਂ ਅੱਡ ਕੀਤਾ** ਜਾਣਾ ਸੀ। ਇਹ ਭਾਸ਼ਾ ਯਸਾਯਾਹ 53:8 ਦੀ ਦੁੱਖ ਭੋਗਣ ਦੀ ਨਬੂਵਤ ਨਾਲ ਮੇਲ ਖਾਂਦੀ ਹੈ ਕਿ ''ਜ਼ੁਲਮ ਅਤੇ ਨਿਆਉਂ ਦੇ ਕਾਰਣ ਉਹ *ਫੜਿਆ* ਗਿਆ।'' ਇੰਜੀਲ ਦੇ ਮੱਤੀ ਦੇ ਵਿਰਤਾਂਤ ਵਿਚ ਇਹ ਸਲੀਬ ਦਿੱਤੇ ਜਾਣ ਦਾ ਪਹਿਲਾ ਸੰਕੇਤ ਹੈ (ਵੇਖੋ 16:21; 17:22, 23; 20:18, 19)। ਯਿਸੂ ਦੀ ਗੱਲ ਦੀ ਪ੍ਰਾਸੰਗਿਕਤਾ ਬੇਸ਼ੱਕ ਆਮ ਅਰਥ ਵਿਚ ਮਸੀਹੀ ਲੋਕਾਂ ਦੇ ਰੋਜ਼ਾ ਰੱਖਣ ਦੇ ਹਵਾਲੇ ਨਾਲ ਵਿਆਪਕ ਹੋ ਸਕਦੀ ਹੈ, ਪਰ ਲਗਦਾ ਹੈ ਕਿ ਇੱਥੇ ਉਹ ਆਪਣੇ ਚੇਲਿਆਂ ਵੱਲੋਂ ਉਸ ਦੀ ਮੌਤ ਦੇ ਇਸ ਖ਼ਾਸ ਰੋਜ਼ੇ ਦੀ ਗੱਲ ਕਰ ਰਿਹਾ ਹੋਵੇਗਾ। ਜਦ ਤਕ ਯਿਸੂ ਨੇ ਉਨ੍ਹਾਂ ਦੇ ਨਾਲ ਰਹਿਣਾ ਸੀ ਉਨ੍ਹਾਂ ਲਈ ਜਸ਼ਨ ਦਾ ਮੌਕਾ ਸੀ; ਪਰ ਉਸ ਦੀ ਮੌਤ ਹੋ ਜਾਣ ਤੇ, ਘੱਟੋ ਘੱਟ ਉਸ ਦੇ ਜੀ ਉੱਠਣ ਤਕ ਉਨ੍ਹਾਂ ਨੇ ਸੋਗ ਵਿਚ ਪਏ ਰਹਿਣਾ ਸੀ (ਯੂਹੰਨਾ 16:16–22) । ਰੋਜ਼ਾ ਰੱਖਣਾ ਉਨ੍ਹਾਂ ਦੇ ਸੋਗ ਦਾ ਸੁਭਾਵਕ ਨਤੀਜਾ ਹੋਣਾ ਸੀ। ਯਿਸੂ ਨੇ ਜਿਹੜਾ ਫ਼ਰਕ ਕੀਤਾ ਉਹ ਅਸਲ ਵਿਚ ''ਯਿਸੂ ਦੇ ਨਾਲ ਮੇਲ ਦੀ ਸੰਗਤੀ ਵਿਚ ਵਿਆਹ ਵਰਗੇ ਅਨੰਦ ਅਤੇ ਯਿਸੂ ਦੀ ਮੌਤ ਤੇ ਜਨਾਜ਼ੇ ਵਰਗਾ ਫ਼ਰਕ ਸੀ।''[26]

**ਆਇਤਾਂ 16, 17.** ਹੋਰ ਦੋ ਉਦਾਹਰਣਾਂ ਇਸ ਨਿਯਮ ਤੇ ਜ਼ੋਰ ਦੇਣਾ ਜਾਰੀ ਰੱਖਦੀਆਂ ਹਨ ਕਿ ਯਿਸੂ ਦੀ ਮੌਜੂਦਗੀ ਨਾਲ ਉਸ ਦੇ ਚੇਲਿਆਂ ਦੀ ਰੋਜ਼ਾ ਰੱਖਣ ਦੀ ਗੱਲ ਮੇਲ ਨਹੀਂ ਖਾਂਦੀ। ਜਿਵੇਂ ਵਿਆਹ ਦੇ ਭੋਜ ਤੇ ਸੋਗ ਕਰਨਾ ਠੀਕ ਨਹੀਂ ਹੈ ਉਵੇਂ ਹੀ **ਪੁਰਾਣੇ ਕੱਪੜੇ** ਨੂੰ ਠੀਕ ਕਰਨ ਲਈ **ਕੋਰੇ ਦੀ ਟਾਕੀ** ਨਹੀਂ ਲਾਈ ਜਾਣੀ ਸੀ। ਦੋਹਾਂ ਦਾ ਆਪਸ ਵਿਚ ਕੋਈ ਮੇਲ ਨਹੀਂ। ''ਕੋਰਾ'' ਕੱਪੜਾ ਉਹ ਸਮੱਗਰੀ ਸੀ ਜਿਸ ਨੂੰ ਅਜੇ ਧੋਬੀ ਵੱਲੋਂ ਧੋਤਾ ਨਹੀਂ ਗਿਆ ਸੀ। ''ਕੱਪੜਾ'' (*himation*) ਸ਼ਬਦ ਆਮ ਅਰਥਾਂ ਵਿਚ ਕੱਪੜੇ ਲਈ ਜਾਂ ਵਧੇਰੇ ਖ਼ਾਸ ਅਰਥ ਵਿਚ ਬਾਹਰੀ ਲਿਬਾਸ ਲਈ ਹੋ ਸਕਦਾ ਹੈ, ਜਿਸ ਦੇ ਫਟਣ ਦਾ ਖ਼ਤਰਾ ਵੱਧ ਹੋਵੇ (5:40 ਤੇ ਟਿੱਪਣੀਆਂ ਵੇਖੋ)। ਜੇ ਨਵੇਂ ਕੱਪੜੇ ਦੀ **ਟਾਕੀ** ਪੁਰਾਣੇ ਕੱਪੜੇ ਤੇ ਲਾ ਦਿੱਤੀ ਜਾਵੇ ਤਾਂ ਧੋਣ ਵੇਲੇ ਇਹ ਸੁੰਗੜ ਜਾਂਦੀ ਹੈ ਜਿਸ ਨਾਲ ਪੁਰਾਣੇ ਕੱਪੜੇ ਤੇ ਖਿੱਚ ਪੈਂਦੀ ਹੈ ਅਤੇ **ਲੰਗਾਰ ਵਧ ਜਾਂਦਾ ਹੈ।**

ਜਿਵੇਂ ਕੋਰਾ ਕੱਪੜਾ ਪੁਰਾਣੇ ਕੱਪੜੇ ਨਾਲ ਨਹੀਂ ਲਗਦਾ ਉਵੇਂ ਹੀ **ਨਵੀਂ ਮੈ ਪੁਰਾਣੀਆਂ ਮਸ਼ਕਾਂ** ਵਿਚ ਨਹੀਂ ਰੱਖੀ ਜਾ ਸਕਦੀ। ਪਾਣੀ ਦੁੱਧ ਅਤੇ ਮੈ ਵਰਗੀਆਂ ਤਰਲ ਚੀਜ਼ਾਂ ਨੂੰ ਲਿਜਾਣ ਲਈ ਭਾਂਡੇ ਬਣਾਉਣ ਲਈ ਜਾਨਵਰਾਂ ਦੀ ਖੱਲ ਦੀ ਵਰਤੋਂ ਕੀਤੀ ਜਾਂਦੀ ਸੀ। ਵਿਲੀਅਮ ਹੈਂਡ੍ਰਿਕਸਨ ਨੇ ਸੰਕੇਤ ਦਿੱਤਾ ਹੈ:

> ਮਸ਼ਕਾਂ ਆਮ ਤੌਰ ਤੇ ਬੱਕਰੀ ਜਾਂ ਭੇਡ ਦੀ ਖੱਲ ਦੀਆਂ ਬਣਾਈਆਂ ਜਾਂਦੀਆਂ ਸਨ। ਜਾਨਵਰਾਂ ਤੋਂ ਲਾਹੁਣ ਤੋਂ ਬਾਅਦ ਇਸ ਨੂੰ ਰੰਗਿਆ ਜਾਂਦਾ ਅਤੇ ਸੀਤਾ ਜਾਂਦਾ ਅਤੇ ਖਲ ਦੇ ਕੋਲੋਂ ਵਾਲ ਕੱਟੇ ਜਾਣ ਦੇ ਬਾਅਦ ਉਹਨੂੰ ਉਲਟਾ ਕਰ ਦਿੱਤਾ ਜਾਂਦਾ। ਧੌਣ ਨੂੰ ''ਬੋਤਲ'' ਦਾ ਮੂੰਹ ਬਣਾ ਦਿੱਤਾ ਜਾਂਦਾ। ਹੋਰ ਸੁਰਾਖਾਂ ਨੂੰ, ਪੈਰਾਂ ਅਤੇ ਪੂੰਛ ਦੇ ਕੋਲ ਡੋਰੀਆਂ ਨਾਲ ਬੰਨ੍ਹ ਦਿੱਤਾ ਜਾਂਦਾ।[27]

ਕਿਸੇ ਖੱਲ ਨੂੰ ਮੈ ਰੱਖਣ ਲਈ ਵਰਤਣ ਤੇ ਫ਼ਰਮੈਂਟੇਸ਼ਨ (ਖ਼ਮੀਰਾ ਕਰਨ) ਦੀ ਪਕਿਰਿਆ ਦੌਰਾਨ ਇਹ ਫੈਲ ਜਾਂਦੀਆਂ, ਤਾਂ ਵੀ ਸਮਾਂ ਬੀਤਣ ਤੇ ਖੱਲ ਸੁੱਕ ਕੇ ਭੁਰਪਰੀ ਹੋ ਜਾਂਦੀ। ਜੇ ਨਵੀਂ ਮੈ ਪੁਰਾਣੀਆਂ

ਮਸ਼ਕਾਂ ਵਿਚ ਪਾ ਦਿੱਤੀ ਜਾਂਦੀ ਤਾਂ ਖ਼ਮੀਰੇ ਕਰਨ ਦੀ ਪ੍ਰਕਿਰਿਆ ਨਾਲ ਖਲ ਪਾਟਣ ਲੱਗਦੀ ਜਿਸ ਦੇ ਨਾਲ ਨਵੀਂ ਮੈਂ ਖਰਾਬ ਹੋ ਜਾਂਦੀ। **ਨਵੀਂ ਮੈ** ਸਿਰਫ਼ **ਨਵੀਆਂ ਮਸ਼ਕਾਂ** ਵਿਚ ਹੀ ਪਾਈ ਜਾਂਦੀ ਹੈ।

ਇਹ ਸੰਭਵ ਹੈ ਕਿ ਇਨ੍ਹਾਂ ਦੋਹਾਂ ਉਦਾਹਰਣਾਂ ਵਿਚ ਬੇਮੇਲ ਹੋਣ ਦੇ ਨਿਯਮ ਨਾਲੋਂ ਹੋਰ ਡੂੰਘਾ ਮਹੱਤਵ ਹੋਵੇ। ਦੋਵੇਂ ਉਦਾਹਰਣਾਂ, ''ਦ੍ਰਿਸ਼ਟਾਂਤ'' ਹੋਣ ਕਰਕੇ (ਲੂਕਾ 5:36–38), ਪੁਰਾਣੇ ਅਤੇ ਨਵੇਂ ਵਿਚ ਫ਼ਰਕ ਕਰਦੀਆਂ ਹਨ: ਪੁਰਾਣਾ ਕੱਪੜਾ/ਨਵੀਂ ਟਾਕੀ ਅਤੇ ਪੁਰਾਣੀਆਂ ਮਸ਼ਕਾਂ ਸ਼ਾਇਦ ਯਿਸੂ ਵੀ ਇਹੀ ਵਿਚਾਰ ਦੇ ਰਿਹਾ ਸੀ ਕਿ ਯਹੂਦੀ ਧਰਮ ਦੇ ਪੁਰਾਣੇ ਰੂਪ ਜਿਨ੍ਹਾਂ ਨੂੰ ਮਨੁੱਖ ਦੀ ਰੀਤ ਨੇ ਵਿਗਾੜ ਦਿੱਤਾ ਸੀ, ਉਨ੍ਹਾਂ ਦੀ ਥਾਂ ਮਸੀਹੀਅਤ ਦੀਆਂ ਨਵੀਂਆਂ ਸਿੱਖਿਆਵਾਂ ਲੈ ਰਹੀਆਂ ਸਨ। ਰੋਜ਼ਾ ਰੱਖਣ ਦਾ ਉਨ੍ਹਾਂ ਦਾ ਸਿਸਟਮ ਇਨ੍ਹਾਂ ਰੀਤਾਂ ਵਿੱਚੋਂ ਇਕ ਸੀ, ਪੁਰਾਣਾ ਕੱਪੜਾ ਜਿਹਦੇ ਲਈ ਨਵੀਂ ਟਾਕੀ ਕਿਸੇ ਕੰਮ ਦੀ ਨਹੀਂ ਸੀ ਅਤੇ ਪੁਰਾਣੀ ਮਸ਼ਕ ਵੀ ਜਿਸ ਵਿਚ ਨਵੀਂ ਮੈ ਖਿੱਲਰ ਜਾਣੀ ਸੀ। ਯਿਸੂ ਪੁਰਾਣੇ ਸਿਸਟਮ ਨੂੰ ਠੀਕ ਕਰਨ ਨਹੀਂ ਬਲਕਿ ਪੂਰੀ ਤਰ੍ਹਾਂ ਨਾਲ ਕੁਝ ਨਵਾਂ ਦੇਣ ਲਈ ਆਇਆ। ਉਹ ਉਨ੍ਹਾਂ ਦੇ ਘਿਸੇ ਪਿਟੇ ਫ਼ਾਰਮੂਲਿਆਂ ਵਿਚ ਉਨ੍ਹਾਂ ਨਵੀਂਆਂ ਸੱਚਿਆਈਆਂ ਦੀ ਉਹ ਟਾਕੀ ਨਹੀਂ ਲਾ ਸਕਦਾ ਸੀ ਜਿਹੜੀ ਉਹ ਲੈ ਕੇ ਆਇਆ ਸੀ। ਯਿਸੂ ਨੇ ਫ਼ਰੀਸੀਆਂ ਨੂੰ ਸਾਫ਼ ਕਰ ਦਿੱਤਾ ਕਿ ਭਰਸ਼ਟ ਯਹੂਦੀ ਧਰਮ ਨੂੰ ਸੁਧਾਰਣ ਲਈ ਨਹੀਂ ਬਲਕਿ ਇਸ ਨੂੰ ਵਿੱਚੋਂ ਹਟਾਉਣ ਲਈ ਆਇਆ ਹੈ (ਵੇਖੋ 5:17)। ਉਹ ਵਿਸ਼ਵਾਸ ਕਰਨ, ਸੋਚਣ ਅਤੇ ਜੀਣ ਦਾ ਇਕ ਨਵਾਂ ਢੰਗ ਲੈ ਕੇ ਆਇਆ। ਇੱਥੇ ਮੁੱਖ ਸਬਕ ਇਹ ਸੀ ਕਿ ਨਵਾਂ ਸਿਸਟਮ ਜੋ ਉਹ ਲਿਆਇਆ ਸੀ ਰੋਜ਼ਾ ਰੱਖਣ ਦੇ ਮਨੁੱਖ ਦੇ ਬਣਾਏ ਸੰਚੇ ਨਾਲ ਮੇਲ ਨਹੀਂ ਖਾਂਦਾ ਸੀ।

ਬੇਸ਼ੱਕ ਰੋਜ਼ਾ ਰੱਖਣਾ ਪੁਰਾਣੇ ਸਿਸਟਮ ਦਾ ਅਹਿਮ ਭਾਗ ਸੀ (6:16–18), ਪਰ ਬਾਰ ਬਾਰ ਰੋਜ਼ਾ ਰੱਖਣਾ ਨਿਰੋਲ ਰੂਪ ਵਿਚ ਮਨੁੱਖ ਦੀ ਖੋਜ ਸੀ। ਯਿਸੂ ਨੇ ਰੋਜ਼ਾ ਰੱਖਣ ਨੂੰ ਗਲਤ ਨਹੀਂ ਕਿਹਾ, ਪਰ ਜਿਸ ਗੱਲ ਨੂੰ ਉਸ ਨੇ ਗਲਤ ਕਿਹਾ ਉਹ ਉਨ੍ਹਾਂ ਦੇ ਰੋਜ਼ਾ ਰੱਖਣ ਦੀ ਰੀਤ ਦੀ ਪੁਰਾਣੀ ਮਸ਼ਕ ਸੀ ਜਿਸ ਵਿਚ ਅਸਲੀ ਹੁਕਮ ਅਤੇ ਮਕਸਦ ਭੁਲਾ ਦਿੱਤੇ ਗਏ ਸਨ। ਉਹ ਆਪਣੇ ਚੇਲਿਆਂ ਨੂੰ ਰੋਜ਼ਾ ਰੱਖਣ ਦੀ ਫ਼ਰੀਸੀਆਂ ਦੀ ਰੀਤ ਨੂੰ ਨਾ ਮੰਨਣ ਲਈ ਖ਼ਬਰਦਾਰ ਕਰ ਰਿਹਾ ਸੀ ਅਤੇ ਇਸ ਦੀ ਲੋੜ ਹੋਣ ਤੇ ਉਨ੍ਹਾਂ ਨੂੰ ਰੋਜ਼ਾ ਰੱਖਣ ਦੀ ਅਹਿਮੀਅਤ ਸੁਝਾਅ ਰਿਹਾ ਸੀ (ਵੇਖੋ ਰਸੂਲਾਂ ਦੇ ਕੰਮ 13:2, 3; 14:23; 2 ਕੁਰਿੰਥੀਆਂ 6:5; 11:27)।

~~~ **ਸਬਕ** ~~~

## ਯਿਸੂ ਦੇ ਸੱਦੇ ਦੀ ਫ਼ਹਰਿਸਤ (9:9-13)

ਸਮੇਂ ਸਮੇਂ ਤੇ ਅਸੀਂ ਲੋਕਾਂ ਨੂੰ ਸੱਦਾ ਦੇਣ ਦੀਆਂ ਫ਼ਹਰਿਸਤਾਂ ਬਣਾਉਂਦੇ ਹਾਂ। ਇਨ੍ਹਾਂ ਵਿਚ ਬੱਚਿਆਂ ਦੇ ਜਨਮ ਦਿਨ ਦੀ ਪਾਰਟੀ, ਜਵਾਨ ਜੋੜੇ ਦੇ ਵਿਆਹ ਜਾਂ ਬਜ਼ੁਰਗ ਜੋੜੇ ਦੀ ਵਰ੍ਹੇਗੰਢ ਮਨਾਏ ਜਾਣ ਨਾਲ ਸਬੰਧਿਤ ਸੱਦੇ ਹੋ ਸਕਦੇ ਹਨ। ਇਸੇ ਤਰ੍ਹਾਂ ਯਿਸੂ ਨੇ ਸੁਰਗੀ ਭੋਜ ਲਈ ਸੱਦੇ ਦੀ ਇਕ ਫ਼ਹਰਿਸਤ ਬਣਾਈ ਹੈ ਜਿਸ ਵਿਚ ਪਾਪੀਆਂ ਨੂੰ ਸੱਦਾ ਦਿੱਤਾ ਗਿਆ ਹੈ (ਵੇਖੋ 22:1–10)। ਉਸ ਨੇ ਆਖਿਆ, ''ਮੈਂ ਧਰਮੀਆਂ ਨੂੰ ਨਹੀਂ ਸਗੋਂ ਪਾਪੀਆਂ ਨੂੰ ਬੁਲਾਉਣ *[ਸੱਦਾ ਦੇਣ]* ਆਇਆ ਹਾਂ (9:13)।'' ਜਿਹੜੇ ਲੋਕ ਆਪਣੇ ਆਪ ਨੂੰ ''ਧਰਮੀ'' ਸਮਝਦੇ ਹਨ ਉਨ੍ਹਾਂ ਨੂੰ ਆਪਣਾ ਪਾਪ ਨਜ਼ਰ ਨਹੀਂ ਆਉਂਦਾ। ਜਿਸ ਕਰਕੇ ਉਹ ਆਪਣੇ ਆਪ ਨੂੰ ਯਿਸੂ ਦੀ ਬੁਲਾਹਟ ਵਿੱਚੋਂ ਬਾਹਰ ਕੱਢ ਲੈਂਦੇ ਹਨ। ਇਸ ਦੇ ਉਲਟ ਜਿਹੜੇ ਲੋਕ ਆਪਣੀ ਪਾਪ ਭਰੀ ਹਾਲਤ ਤੋਂ ਜਾਣੂ ਹਨ ਉਹ ਕਿਰਪਾ ਦੀ ਆਪਣੀ ਲੋੜ ਨੂੰ ਸਮਝ ਸਕਦੇ ਹਨ।

ਡੇਵਿਡ ਸਟਿਵਰਟ
~~~

## ਅੱਜ ਰੋਜ਼ਾ ਰੱਖਣਾ (9:14-17)

ਯੂਹੰਨਾ ਦੇ ਚੇਲੇ ਇਸ ਹਕੀਕਤ ਤੋਂ ਪਰੇਸ਼ਾਨ ਸਨ ਕਿ ਯਿਸੂ ਦੇ ਚੇਲੇ ਲਗਾਤਾਰ ਰੋਜ਼ਾ ਨਹੀਂ ਰੱਖਦੇ ਸਨ। ਯਿਸੂ ਨੇ ਸਮਝਾਇਆ ਕਿ ਰੋਜ਼ਾ ਰੱਖਣਾ, ਜਿਸ ਦਾ ਸਬੰਧ ਸੋਗ ਕਰਨ ਨਾਲ ਹੈ, ਉਸ ਦੇ ਚੇਲਿਆਂ ਲਈ ਢੁਕਵਾਂ ਨਹੀਂ ਸੀ ਕਿਉਂ ਜੋ ਉਹ ਉਨ੍ਹਾਂ ਦੇ ਨਾਲ ਸੀ। ਰੋਜ਼ਾ ਰੱਖਣ ਜਾਂ ਸੋਗ ਕਰਨ ਦਾ ਸਮਾਂ ਆਉਣਾ ਸੀ ਜਦ ਉਸ ਨੂੰ ਸਲੀਬ ਦਿੱਤੇ ਜਾਣਾ ਸੀ। ਪਰ ਇਸ ਸੋਗ ਨੇ ਮਸੀਹ ਦੇ ਜੀ ਉੱਠਣ ਨਾਲ ਖਿੰਡ ਜਾਣਾ ਸੀ। ਅੱਜ ਅਸੀਂ ਇਕ ਜੀ ਉੱਠੇ ਮੁਕਤੀਦਾਤੇ ਦੀ ਸੇਵਾ ਕਰਦੇ ਹਾਂ ਜਿਸ ਨੂੰ ਖ਼ੁਦਾ ਦੇ ਸੱਜੇ ਹੱਥ ਨਾਲ ਉੱਚਾ ਕੀਤਾ ਗਿਆ ਹੈ! ਇਸ ਦੇ ਇਲਾਵਾ ਉਸ ਨੇ ਸਾਡੇ ਮਨਾਂ ਵਿਚ ਵਾਸ ਕਰਨ ਲਈ ਪਵਿੱਤਰ ਆਤਮਾ ਨੂੰ ਭੇਜਿਆ ਹੈ। ਅਸੀਂ ਮਸੀਹ ਦੇ ਵਾਪਸ ਆਉਣ ਦੀ ਰਾਹ ਤਕਦੇ ਹਾਂ, ਜਦ ਸਾਡੀਆਂ ਸਭ ਆਸਾਂ ਅਤੇ ਖ਼ਾਬ ਪੂਰੇ ਹੋ ਜਾਣਗੇ। ਨਵੇਂ ਨੇਮ ਵਿਚ ਲਗਾਤਾਰ ਰੋਜ਼ਾ ਰੱਖਣ ਦੀ ਗੱਲ ਭਾਵੇਂ ਨਹੀਂ ਕਹੀ ਗਈ ਪਰ ਕਦੇ ਕਦੇ ਰੋਜ਼ਾ ਰੱਖ ਲੈਣਾ ਸਹੀ ਹੈ। ਮੁੱਢਲੀ ਕਲੀਸੀਆ ਅਹਿਮ ਫ਼ੈਸਲੇ ਲੈਣ ਵੇਲੇ ਰੋਜ਼ਾ ਰੱਖਦੀ ਸੀ, ਜਿਵੇਂ ਮਿਸ਼ਨਰੀਆਂ ਨੂੰ ਬਾਹਰ ਭੇਜਣ ਜਾਂ ਐਲਡਰਾਂ ਦੀ ਨਿਯੁਕਤੀ ਕਰਨ ਵੇਲੇ (ਰਸੂਲਾਂ ਦੇ ਕੰਮ 13:2, 3; 14:23)। ਕਲੀਸੀਆ ਲਈ ਅੱਜ ਜਦੋਂ ਅਹਿਮ ਫ਼ੈਸਲੇ ਲੈਣੇ ਜਾਂ ਮੁਸ਼ਕਿਲ ਹਾਲਾਤ ਹੋਣ ਤਾਂ ਰੋਜ਼ਾ ਅਤੇ ਦੁਆ ਨਾਲ ਫ਼ਾਇਦਾ ਹੋ ਸਕਦਾ ਹੈ।

ਡੇਵਿਡ ਸਟਿਵਰਟ

## ਪ੍ਰਸੰਗਿਕ ਇੰਜੀਲ (9:14-17)

ਇੰਜੀਲ ਨੂੰ ਨਵੇਂ ਨਵੇਂ ਤਰੀਕਿਆਂ ਨਾਲ ਪੇਸ਼ ਕਰਨ ਜਾਂ ਕਿਸੇ ਅਜਿਹੀ ਭਾਸ਼ਾ ਵਿਚ ਦੱਸਣ ਵਿਚ ਕੋਈ ਬੁਰਿਆਈ ਨਹੀਂ ਹੈ ਜਿਸ ਨਾਲ ਲੋਕ ਇਸ ਨੂੰ ਬੇਹਤਰ ਢੰਗ ਨਾਲ ਸਮਝ ਸਕਣ। ਪਰ ਕਿਸੇ ਖ਼ਾਸ ਸੱਭਿਅਤਾ ਲਈ ਬਾਈਬਲੀ ਭਾਸ਼ਾ ਅਤੇ ਉਦਾਹਰਣਾਂ ਦੇ ਵਿਖੇ ਅਸੀਂ ਇਸ ਦੇ ਸੰਦੇਸ਼ ਵਿਚ ਕਿਸੇ ਵੀ ਤਰ੍ਹਾਂ ਦਾ ਬਦਲਾਅ ਨਾ ਕਰੀਏ ਜਿਸ ਨਾਲ ਇਸ ਦਾ ਮਤਲਬ ਬਦਲ ਜਾਵੇ (ਯੂਹੰਨਾ 12:48; 1 ਕੁਰਿੰਥੀਆਂ 15:1–4; ਗਲਾਤੀਆਂ 1:6–9; ਯਹੂਦਾ 3)। ਇੰਜੀਲ ਨੂੰ ਮਨੁੱਖਾਂ ਦੀਆਂ ਬਣਾਈਆਂ ਰੀਤਾਂ ਨਾਲ ਫਿੱਕਾ ਨਹੀਂ ਕੀਤਾ ਜਾਣਾ ਚਾਹੀਦਾ (15:1–9; ਕੁਲੁੱਸੀਆਂ 2:8) ਜਾਂ ਇਸ ਨੂੰ ਹੋਰ ਧਾਰਮਿਕ ਪ੍ਰਣਾਲੀਆਂ ਨਾਲ ਮਿਲਾਇਆ ਨਹੀਂ ਜਾਣਾ ਚਾਹੀਦਾ ( ਕੁਲੁੱਸੀਆਂ 2:20–22; 2 ਯੂਹੰਨਾ 9–11)।

ਯਿਸੂ ਨੇ ਰੀਤਾਂ ਨੂੰ ਲਾਗੂ ਕਰਨ ਤੇ ਯਕੀਨ ਰੱਖਣ ਦੇ ਅਸਲ ਅਰਥ ਜਾਂ ਮਕਸਦ ਨੂੰ ਭੁਲਾ ਦੇਣ ਨੂੰ ਗਲਤ ਕਿਹਾ। 9:15–17 ਵਿਚ ਦਿੱਤੀਆਂ ਤਿੰਨ ਉਦਾਹਰਣਾਂ ਨਾਲ ਯਿਸੂ ਦੇ ਚੇਲਿਆਂ ਨੂੰ ਫ਼ਰੀਸੀਆਂ ਅਤੇ ਯੂਹੰਨਾ ਦੇ ਚੇਲਿਆਂ ਵੱਲੋਂ ਲਗਾਤਾਰ ਰੋਜ਼ਾ ਰੱਖਣ ਦੀ ਰੀਤ ਨੂੰ ਨਾ ਮੰਨਣ ਦਾ ਹੁਕਮ ਦਿੱਤਾ ਗਿਆ। ਬੋਲਸ ਨੇ ਲਿਖਿਆ ਹੈ ਕਿ ਇਹ ''ਸਬਕ ਤੇ ਜ਼ੋਰ ਦੇਣ ਲਈ ਸੀ ਕਿ ਰੋਜ਼ੇ ਦੀ ਅਹਿਮੀਅਤ ਤਦੇ ਸੀ ਜਦ ਮੰਗ ਦੇ ਮੁਤਾਬਿਕ ਸਹੀ ਮੌਕਿਆਂ ਤੇ ਇਸ ਨੂੰ ਰੱਖਿਆ ਜਾਵੇ।''[28]

ਕੁਝ ਲੋਕ ਇਹ ਸਿਖਾਉਣ ਵੇਲੇ ਕਿ ਉਦਾਹਰਣਾਂ ਵਿਚ ਇੰਜੀਲ ਨੂੰ ਬਦਲਣ ਦਾ ਸੰਕੇਤ ਹੈ, ਇਨ੍ਹਾਂ ਆਇਤਾਂ ਨੂੰ ਗਲਤ ਪੇਸ਼ ਕਰਦੇ ਹਨ। ਅਸਲ ਵਿਚ ਇਹ ਆਇਤਾਂ ਰੋਜ਼ਾ ਰੱਖਣ ਦੀ ਫ਼ਰੀਸੀਆਂ ਦੀ ਰੀਤ ਦੀ ਉਦਾਹਰਣ ਵਰਤਦੇ ਹੋਏ ਬਿਲਕੁਲ ਇਸ ਤੋਂ ਉਲਟ ਦੱਸਦੀਆਂ ਹਨ। ਵਚਨ ਦੀ ਵਿਆਖਿਆ ਵੱਖੋ ਵੱਖ ਢੰਗ ਨਾਲ ਕੀਤੇ ਜਾਣ ਲਈ ਪਰੇਸ਼ਾਨ ਲੋਕ ਭਾਵੇਂ ਇਸ ਦਾ ਇਨਕਾਰ ਕਰਦੇ ਹੋਣ, ਪਰ ਕਰ ਇਹੀ ਰਹੇ ਹਨ।

---

ਟਿੱਪਣੀਆਂ

[1]ਵਿਲੀਅਮ ਬਾਰਕਲੇ, *ਦ ਮਾਸਟਰ'ਜ਼ ਮੈਨ* (ਨੈਸ਼ਵਿੱਲੇ: ਅਬਿੰਗਡਨ ਪ੍ਰੈੱਸ, 1959), 58. [2]*ਡਿਕਸ਼ਨਰੀ*

*ਆਫ਼ ਜੀਜ਼ਸ ਐਂਡ ਦ ਗੌਸਪਲਸ,* ਸੰਪਾ. ਜੋਏਲ ਬੀ. ਗ੍ਰੀਨ ਅਤੇ ਸਕੌਟ ਮੈਕਨਾਈਟ (ਡਾਊਨਰਜ਼ ਗ੍ਰੋਵ, ਇਲਿਨੋਇਃ ਇੰਟਰਵਰਸਟੀ ਪ੍ਰੈੱਸ, 1992), 806 ਵਿਚ ਥੌਮਸ ਈ. ਸ਼ਮਿਟ, ''ਟੈਕਸਸ।'' [3]ਮਿਸ਼ਨਾਹ *ਟੋਹੋਰੋਥ* 7.6; *ਹਗਿੱਗਾਹ* 3.6. [4]ਮਿਸ਼ਨਾਹ *ਬਾਬਾ ਕੈਮਾ* 10.1. [5]ਟਾਲਮੁਡ *ਸੈਨਹੇਡ੍ਰਿਨ* 25ਬੀ। [6]ਆਰ. ਟੀ. ਫ੍ਰਾਂਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ.,1985), 166–67. [7]ਵੇਖੋ ਲਿਓਨ ਮੌਰਿਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਿੱਲਰ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1992), 219. ਰੋਮੀ ਸਰਕਾਰ ਹੇਰੋਦੇਸ ਅੰਤਿਪਾਸ ਨੂੰ ਗਲੀਲ ਅਤੇ ਪਿਰੀਆ ਤੋਂ ਮਸੂਲ ਜਮ੍ਹਾ ਕਰਕੇ ਵਰਤਣ ਦੀ ਇਜਾਜ਼ਤ ਦਿੰਦੀ ਸੀ (ਜੋਸੇਫ਼ਸ *ਐਂਟੀਕੁਇਟੀਜ਼* 17.11.4.) [8]ਉਹੀ, 220. [9]*ਡਿਕਸ਼ਨਰੀ ਆਫ਼ ਜੀਜ਼ਸ ਐਂਡ ਦ ਗੌਸਪਲਸ,* ਸੰਪਾ. ਜੋਏਲ ਬੀ. ਗ੍ਰੀਨ ਅਤੇ ਸਕੌਟ ਮੈਕਨਾਈਟ (ਡਾਊਨਰਜ਼ ਗ੍ਰੋਵ, ਇਲਿਨੋਇਃ ਇੰਟਰਵਰਸਟੀ ਪ੍ਰੈੱਸ, 1992), 757–60 ਵਿਚ ਮਾਈਕਲ ਜੇ. ਵਿਲਕਿੰਸ, ''ਸਿੱਨਰ।'' [10]ਉਦਾਹਰਣ ਲਈ, ਵੇਖੋ ਮਿਸ਼ਨਾਹ *ਡੇਮਾਏ* 2.2, 3, ਜਿੱਥੇ ਈਮਾਨਦਾਰ ਅਤੇ ''ਦੇਸ਼ ਦੇ ਲੋਕਾਂ'' ਵਿਚ ਸੰਗਤੀ ਤੇ ਚਰਚਾ ਕੀਤੀ ਗਈ ਹੈ।

[11]ਕ੍ਰੇਗ ਐਸ. ਕੀਨਰ, *ਏ ਕਮੈਂਟਰੀ ਆਨ ਦ ਗੌਸਪਲ ਆਫ਼ ਮੈਥਿਊ* (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ.,1999), 295. ਵੇਖੋ ਮੱਤੀ 9:13; 21:32; 26:45; ਲੂਕਾ 5:8; 7:37; 13:1, 2; 24:7; ਯੂਹੰਨਾ 9:31. [12]ਮੁੱਢਲੀ ਕਲੀਸੀਆ ਵਿਚ ਮੇਜ਼ ਦੀ ਸੰਗਤੀ ਇਕ ਵੱਡਾ ਮੁੱਦਾ ਸੀ ਕਿਉਂਕਿ ਯਹੂਦੀ ਲੋਕ ਰਵਾਇਤੀ ਤੌਰ ਤੇ ਗੈਰਕੌਮਾਂ ਨਾਲ ਨਹੀਂ ਖਾਂਦੇ ਸਨ (ਰਸੂਲਾਂ ਦੇ ਕੰਮ 10:28; 11:2, 3; ਗਲਾਤੀਆਂ 2:12, 13)। ਮਸੀਹ ਵਿਚ ਆਪਣੀ ਏਕਤਾ ਪਾ ਕੇ ਵਿਸ਼ਵਾਸੀ ਮਸੀਹੀ ਲੋਕਾਂ ਨੂੰ ਵੱਖੋ ਵੱਖ ''ਪਿਛੋਕੜ ਹੋਣ ਦੇ ਬਾਵਜੂਦ ਆਪਣਾ ਭੋਜਨ ਸਾਂਝਾ ਕਰਨਾ ਜ਼ਰੂਰੀ ਸੀ। ਪਰ ਉਨ੍ਹਾਂ ਨੂੰ ਕਿਸੇ ਭਾਈ ਨਾਲ ਜਿਹੜਾ ਅਨੈਤਿਕ ਜੀਵਨ–ਸ਼ੈਲੀ ਜੀ ਰਿਹਾ ਹੋਵੇ ''ਖਾਣ ਦਾ ਹੁਕਮ ਨਹੀਂ ਸੀ'' (1 ਕੁਰਿੰਥੀਆਂ 5:11)। [13]ਡਾਇਓਜੀਨਸ ਲੇਰਟਿਉਸ *ਲਾਈਵਜ਼ ਆਫ਼ ਐਮਿਨੇਂਟ ਫ਼ਿਲਾਸਫ਼ਰਜ਼* 2.70; 6.1.6. [14]ਡਿਯੋ ਕ੍ਰਿਸੋਸਟੋਮ *ਏਠਥ ਡਿਸਕੋਰਸਃ ਆਨ ਵਰਚੂ* 5. [15]ਸਿਸੇਰੋ *ਟਸਕੁਲਨ ਡਿਸਪੁਟੇਸ਼ੰਜ਼* 3.3.5; *ਡਾਇਓਡੋਰਸ ਸਿਕੁਲੁਸ* 12.13.4. [16]ਐਪੀਕਟੇਟੁਸ *ਡਿਸਕੋਰਸਸ* 2.14.21, 22; *ਲਾਈਵੀ* 42.40.3. [17]ਲੂਸੀਅਨ *ਡਿਮੋਨੈਕਸ* 7. [18]ਜੌਨ ਫ਼ਿਲਿੱਪਸ, *ਐਕਸਪਲੋਰਿੰਗ ਦ ਗੌਸਪਲ ਆਫ਼ ਮੈਥਿਊਃ ਐਨ ਐਕਸਪੋਜ਼ਿਟਰੀ ਕਮੈਂਟਰੀ,* ਦ ਜੌਨ ਫ਼ਿਲਿੱਪਸ ਕਮੈਂਟਰੀ ਸੀਰੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਕ੍ਰੇਗਲ ਪਬਲੀਕੇਸ਼ੰਜ਼, 1999), 163. [19]ਜੈਕ ਪੀ. ਲੂਈਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਾਰਟ 1, ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ, ਟੈਕਸਸਃ ਸਵੀਟ ਪਬਲੀਸ਼ਿੰਗ ਕੰ., 1976), 135. [20]ਉਹੀ।

[21]ਜੇ. ਡਬਲਯੂ. ਮੈਕਗਰਵੇ, *ਦ ਨਿਊ ਟੈਸਟਾਮੈਂਟ ਕਮੈਂਟਰੀ,* ਜਿਲਦ 1, *ਮੈਥਿਊ ਐਂਡ ਮਾਰਕ* (ਪੰਨਾ ਰਹਿਤ, 1875; ਰੀਪ੍ਰਿੰਟ, ਡਿਲਾਈਟ, ਆਰਕੈਂਸਾਃ ਗੌਸਪਲ ਲਾਈਟ ਪਬਲੀਸ਼ਿੰਗ ਕੰ., ਮਿਤੀ ਰਹਿਤ), 83. [22]ਡਗਲਸ ਆਰ. ਏ. ਹੇਅਰ, *ਮੈਥਿਊ,* ਇੰਟਰਪ੍ਰਿਟੇਸ਼ਨ (ਲੁਈਸਵਿੱਲੇਃ ਜੌਨ ਨੌਕਸ ਪ੍ਰੈੱਸ, 1993), 101. [23]ਰੌਬਰਟ ਐਚ. ਮਾਉਂਸ, *ਮੈਥਿਊ,* ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੌਡੀ, ਮੈਸਾਚੁਸੇਟਸਃ ਹੈਂਡ੍ਰਿਕਸਨ ਪਬਲੀਸ਼ਰਜ਼, 1991), 85. [24]ਅਪੋਕ੍ਰਿਫ਼ਾ (ਅਪ੍ਰਮਾਣਿਕ ਕਿਤਾਬਾਂ) ਵਿਚ ਆਫ਼ਤਾਂ ਨੇ ਵਿਆਹਾਂ ਦੇ ਆਮ ਆਨੰਦ ਨੂੰ ਵੱਡੇ ਸੋਗ ਅਤੇ ਵਿਰਲਾਪ ਦੇ ਸਮਿਆਂ ਵਿਚ ਬਦਲ ਦਿੱਤਾ (1 ਮੱਕਾਬੀਆਂ 1:27, 39; 9:39–41)। [25]ਲੂਈਸ, 137. [26]ਰੌਬਰਟ ਐਚ. ਗੁੰਡਰੀ, *ਮੈਥਿਊਃ ਏ ਕਮੈਂਟਰੀ ਆਨ ਹਿਜ਼ ਲਿਟਰੇਰੀ ਐਂਡ ਥਿਓਲੋਜੀਕਲ ਆਰਟ* (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ.,1982), 169. [27]ਵਿਲੀਅਮ ਹੈਂਡ੍ਰਿਕਸਨ, *ਨਿਊ ਟੈਸਟਾਮੈਂਟ ਕਮੈਂਟਰੀਃ ਐਕਸਪੋਜ਼ਿਸ਼ਨ ਆਫ਼ ਦ ਗੌਸਪਲ ਅਕਾਰਡਿੰਗ ਟੂ ਮੈਥਿਊ* (ਗ੍ਰੈਂਡ ਰੈਪਿਡਸ, ਮਿਸ਼ਿਗਨਃ ਬੇਕਰ ਬੁਕ ਹਾਊਸ, 1973), 428–29. [28]ਬੋਲਸ, 210.